ਵੈਸ਼ਵਿਕ ਕਵਿਤਾਵਾਂ

# ਵਕਤ ਮੌਸਮ ਅਤੇ ਨਜ਼ਮ



ਡਾ. ਅਮਰ ਜਿਉਤੀ

ਵੈਸ਼ਵਿਕ ਕਵਿਤਾਵਾਂ

# ਵਕਤ ਮੌਸਮ ਅਤੇ ਨਜ਼ਮ

**ਇਸੇ ਕਲਮ ਤੋਂ-**

| | |
|---|---|
| • ਮਾਰੂਥਲ ਵਿਚ ਤੁਰਦੇ ਪੈਰ | 1985 ਕਾਵਿ-ਸੰਗ੍ਰਹਿ |
| • ਮੈਨੂੰ ਸੀਤਾ ਨਾ ਕਹੋ | 1988 ਕਾਵਿ-ਸੰਗ੍ਰਹਿ |
| • ਦਰੋਪਦੀ ਤੋਂ ਦੁਰਗਾ | 1990 ਕਾਵਿ-ਸੰਗ੍ਰਹਿ |
| • ਖ਼ਾਮੋਸ਼ੀ ਦੀ ਆਵਾਜ਼ | 1998 ਕਾਵਿ-ਸੰਗ੍ਰਹਿ |
| • ਹਾਲੈਂਡ ਦੇ ਹਾਸ਼ੀਏ | 1998 ਵਾਰਤਕ |
| • ਯੋਰਪੀਅਨ ਪੰਜਾਬੀ ਸਾਹਿਤ | 2000 ਸੰਪਾਦਤ |
| • ਸੋਚਾਂ ਦੇ ਨਿਸ਼ਾਨ | 2004 (ਸੰਨ 1998 ਤੱਕ ਛਪੀ ਕਵਿਤਾ) |
| • ਸੂਫੀ ਰੋਮਾਂਸ | 2004 ਸੂਫੀ ਇਸ਼ਕ ਬਾਰੇ ਲੰਬੀ ਨਜ਼ਮ/ਨਜ਼ਮਾਂ |
| • ਅੰਬਰ (ਡੱਚ ਪੰਜਾਬੀ ਸਾਹਿਤ) | 2004 ਸੰਪਾਦਤ |
| • Forbidden Fruit | 2007 Poetry in English |
| • ਘਰ ਦਾ ਭੇਤੀ ਲੰਕਾ ਢਾਇ | 2010 ਬਾਲ ਸਾਹਿਤ |
| • ਆਸਤੀਨ ਦਾ ਸੱਪ | 2010 ਬਾਲ ਸਾਹਿਤ |
| • ਸੂਰੀਨਾਮੀ ਕਵਿਤਾ : ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ | 2013 ਖੋਜ ਪ੍ਰਬੰਧ |
| • Nation, Identity and Diaspora in Surinamese Poetry | 2013 , English |

ਵੈਸ਼ਵਿਕ ਕਵਿਤਾਵਾਂ

# ਵਕਤ ਮੌਸਮ ਅਤੇ ਨਜ਼ਮ

ਡਾ. ਅਮਰ ਜਿਓਤੀ

*Poetry/Punjabi Poetry*

ISBN : 978-93-5204-127-5

**Waqt Mausam Ate Nazm**

by

**Dr. Amar Jyoti**

Email- amarjyoti_singh@hotmail.com

2015

Lokgeet Parkashan

S.C.O. 26-27, Sector 34 A, Chandigarh-160022

India

Ph. +91-172-5077427, 5077428

Printed & bound at Unistar Books Pvt. Ltd.

301, Industrial Area, Phase-9,

S.A.S. Nagar, Mohali-Chandigarh (India)

email : unistarbooks@gmail.com

website : www.unistarbooks.com

© *2015 Dr. Amar jyoti*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

*ਸੁਤਿੰਦਰ ਸਿੰਘ ਨੂਰ, ਗਰਾਜ਼ੀਨਾ, ਹੰਸ ਪਲੰਪ*

ਅੱਖਰਾਂ ਦੇ ਮੌਸਮ ਵਿਚ ਮਿਲੇ
ਸਰਹੱਦਾਂ ਦੇ ਆਰ ਪਾਰ
ਦੋਸਤ ਬਣ ਤੁਰੇ..........

## ਨਜ਼ਮਾਂ ਸੰਗ ਤੁਰਦਿਆਂ


- ਹਿਟਲਰ ਦੀ ਮੁਸਕਾਨ 15
- ਸਮਾਈਲਿੰਗ ਫੇਸ 17
- ਸਵਪਨ ਸੁੰਦਰੀ 19
- ਕਿਉਂ ਨਰਾਜ਼ ਹਾਂ 22
- ਸ਼ਬਦਾਂ ਦਾ ਚੀਰ-ਹਰਣ 24
- ਸੰਤਾਪ ਅਤੇ ਔਰਤਾਂ 26
- ਬਾਬਾ ਨਾਨਕ ਉਦਾਸ ਹੈ 28
- ਨਿਸ਼ਾਨਦੇਹੀ 31
- ਗਿਰਗਿਟ 34
- ਚਿੰਤਨ 36
- ਨਜ਼ਮ ਲਿਖਣੀ ਭੁੱਲ ਗਈ 37
- ਸਭ ਕੁਝ ਚੰਗਾ 40
- ਨੈਲਸਨ ਮੰਡੇਲਾ 42
- ਧਨੁੱਖਧਾਰੀ ਸਮਰਾਟ 44
- ਰੋਲ ਮੌਡਲ ਅਤੇ ਸ਼ੋਹਰਤ 46
- ਹਸ਼ਰ ਹੋਣ ਤੋਂ ਪਹਿਲਾਂ 48
- ਫਿਰ ਸੋਚਾਂਗੇ 49
- ਨੀਰੋ ਦਾ ਮਖੌਟਾ 50
- ਨਿਰੰਤਰ ਡਰ ਜਿਊਂਦੀ ਔਰਤ-1 51
- ਨਿਰੰਤਰ ਡਰ ਜਿਉਂਦੀ ਔਰਤ-2 53
- ਸ਼ਨਾਖ਼ਤ 55
- ਰੰਗ ਮੰਗਣ ਜਵਾਬ 57
- ਸਾਨੂੰ ਕੀ 58
- ਮੁਸਕਾਨ ਕਿੱਡਨੈਪ ਹੋ ਗਈ 59
- ਹੱਕ-ਸੱਚ ਲਈ 61
- ਮੁਹਬੱਤਾਂ ਦੀ ਖੈਰ 63
- ਜੁਗਨੂੰਆਂ ਦਾ ਕਾਫ਼ਲਾ 64
- ਆਹਟ 65

- ਕੈਦ ਹੈ ਅਨਾਜ 66
- ਪੰਚਮ 67
- ਅਵਾਰਾ ਪਿਆਸ 68
- ਕਾਮ-ਰੂਪ 69
- ਕੰਡੋਮਰੀ 71
- ਸੰਸਕ੍ਰਿਤੀ 72
- ਸਮਰਿਧੀ 73
- ਭਾਰਤੀ ਟੀ.ਵੀ. ਸੀਰੀਅਲ-ਇਕ ਦ੍ਰਿਸ਼ 75
- ਸਭਿਆਚਾਰ ਦੀ ਬਾਤ ਬੁੱਝੀਏ 77
- ਪੌਣ ਦੇ ਕੰਧਾੜੇ 80
- ਮਨ 83
- ਸੁਣ ਸਖੀ 85
- ਪੀੜਾਂ ਦੀ ਝਾਲਰ 87
- ਤ੍ਰਿਸ਼ਨਾ 88
- ਜਗਜੀਤ ਨੂੰ ਰੁਸਵਾ ਨਾ ਕਰੋ 89
- ਜਗਜੀਤ ਸਿੰਘ 91
- ਅੰਤਰਮਨ ਵਿਚ 92
- ਰਾਜਕੁਮਾਰੀ 93
- ਉਹ ਹੱਸਣਾ ਭੁੱਲ ਗਈ 95
- ਅਲਵਿਦਾ-1 97
- ਅਲਵਿਦਾ-2 98
- ਅਮੀਰ ਮੈਂ-ਰਾਣੀ ਮਹਾਂਰਾਣੀ 100
- ਕੌਣ ਹਾਂ ਮੈਂ 103
- ਮਕਸਦ 104
- ਜ਼ਿੰਦਗੀ 105
- ਮੁਕਤੀ 106
- ਚਾਹ ਦੀ ਪਿਆਲੀ 108
- ਕਮੀਨੇ 110
- ਮਰੀ ਹੋਈ ਰੂਹ 112
- ਸ਼ਤਰੰਜ ਹਾਰੇ 113
- ਨੌਂ ਸੁਪਨੇ 115
- ਖੰਭਾਂ ਨਾਲ ਦੋਸਤੀ 117

- ਕੈਕਟਸ 119
- ਨਜ਼ਮ ਬਨਾਮ ਕਵਿਤਾ 121
- ਪ੍ਰਵੇਸ਼ 124
- ਕਾਫ਼ਰਾਂ ਦਾ ਦੇਸ 125
- ਊਰਜਾ 126
- ਨਸ਼ਰ ਹੋਣ ਦਿਉ 127
- ਸੋਝੀ ਆਖਿਆ 128
- ਰੂਹ ਦੀ ਤਸਵੀਰ ਪਿਕਾਸੋ ਬਣਾਏਗਾ 129
- ਆਪਣੇ ਆਪ ਨੂੰ ਮਿਲੀਏ 130
- ਅਧੂਰੀ ਕਥਾ 134
- ਨਜ਼ਮ ਆਖਦੀ 135
- ਕੰਤ ਰਿਝਾਵਾਂ 136
- ਖ਼ੁਸ਼ੀ 137
- ਵੈਰਾਗ 138
- ਚਾਨਣੀ ਦੀ ਚਾਦਰ 139
- ਸਿਦਕ ਦਾ ਮਾਣ ਬਥੇਰਾ 140
- ਦਿਲ ਸੂਫ਼ੀ ਸੰਗ 141


## ਆਦਿ-ਕਥਾ


- ਜੰਗਲ ਦੀ ਹਰਿਆਲੀ 143
- ਭਰਤ ਰਾਜਾ ਦੀ ਕਿਸਮਤ 144
- ਕਾਗਜ਼ ਦੀ ਕਿਸ਼ਤੀ 146
- ਉਹ ਜ਼ਿੰਦਾ ਰਹੀ 148
- ਵਕਤ ਨੇ ਕੰਨ ਵਿਚ ਆਖਿਆ 150
- ਕਰਜ਼ 152
- ਇੰਜ ਹੀ ਗੁਜ਼ਰਦੀ ਜ਼ਿੰਦਗੀ 153
- ਖਵਾਬਗਾਹ–ਬੈੱਡ ਰੂਮ–ਸੌਣ ਕਮਰਾ 155
- ਸਰਹੱਦ ਦੀ ਮਿੱਟੀ 156
- ਕਾਂਗੜੀ 157
- ਭੁੱਖ 158
- ਫ਼ਨਾਹ 159
- ਬਰੇਨ ਹੈਮਰੇਜ 160

- ਵਰਜਣਾ 161
- ਬੰਸਰੀ 162
- ਦਸ਼ਾਨੰਦ ਦੀ ਭੈਣ 163
- ਵਿਸਰਜਣ 166
- ਚੂੜੀ ਦਾ ਟੋਟਾ 167
- ਮਾਅਨੇ ਬਣਵਾਸ ਚਲੇ ਗਏ 168
- ਇਕ ਸੀ ਦਰੋਪਦੀ 169
- ਯੂ ਟਰਨ 170
- ਸੋਚਾਂ ਦਾ ਰੇਸ਼ਮ 171
- ਆਦਿ–ਕਥਾ 173
- ਨਰਤਕੀ 174

# ਵਕਤ ਨੇ ਕਿਹਾ

ਦੁਨੀਆਂ ਦੇ ਵਖ ਵਖ ਦੇਸਾਂ ਨੂੰ ਇੰਟਰਨੈੱਟ, ਸੋਸ਼ਲ ਸਾਈਟਸ ਨੇ ਨਜ਼ਦੀਕ ਕਰ ਦਿਤਾ ਹੈ, ਪਰ ਇਹ ਫਾਸਲਾ ਧਰਤੀ ਉਤੇ ਪਹਿਲਾਂ ਵਾਂਗ ਹੀ ਕਾਇਮ ਹੈ। ਇਸ ਧਰਤੀ ਉਤੇ ਵਸਦੇ ਦੇਸ ਅਜੇ ਵੀ ਸਰਹੱਦਾਂ ਵਿਚ ਘਿਰੇ ਹੋਏ ਹਨ। ਇਸਦੇ ਬਾਵਜੂਦ ਵਿਕਸਤ ਦੇਸ, ਅਣਵਿਕਸਤ ਦੇਸਾਂ ਨੂੰ ਅਧੀਨ ਕਰਨ ਜਾਂ ਉਹਨਾਂ ਦੀ ਲੁੱਟ ਖਸੁੱਟ ਕਰਨ ਵਾਸਤੇ ਨਵੇਂ ਢੰਗ ਅਪਣਾ ਰਹੇ ਹਨ, ਜਿਹਨਾਂ ਵਿਚ ਮਨੁੱਖੀ ਹਉਮੈ ਰਾਜਨੀਤੀ ਦੇ ਸੰਦਰਭ ਵਿਚ ਕਾਇਮ ਹੈ।

ਅਕਾਸ਼ ਵਿਚ ਘੁੰਮ ਰਹੇ ਸੰਸਾਰ ਦੇ ਕਈ ਦੇਸਾਂ ਵਲੋਂ ਭੇਜੇ ਗਏ ਸੈਟਿਲਾਈਟ *(satellite)* ਮਨੁੱਖ ਦੇ ਨਿੱਜ ਨੂੰ ਨਿਯੰਤਰਣ ਵਿਚ ਕਰ ਰਹੇ ਹਨ। ਇਹ ਕੇਹੀ ਵਿੰਡਬਣਾ ਹੈ ਕਿ ਮੁਲਕਾਂ ਦੀ ਸਭਿਆਚਾਰਕ ਵਿਲੱਖਣਤਾ ਨੂੰ ਭੂਗੋਲਿਕ ਸਤਰ ਤੇ ਖਤਮ ਕਰਕੇ ਗਲੋਬੇਲਾਈਜ਼ੇਸ਼ਨ *(Globalisation)* ਦਾ ਨਾਂਅ ਦਿੱਤਾ ਗਿਆ ਹੈ। ਇਹਨਾਂ ਦੇਸਾਂ ਨਾਲ ਸਬੰਧਤ ਮਲਟੀਨੈਸ਼ਨਲਜ਼ ਕੰਪਨੀਆਂ ਨੇ ਦੁਨੀਆਂ ਦੇ ਬਹੁਤ ਸਾਰੇ ਦੇਸਾਂ ਵਿਚ ਵਿਉਪਾਰ ਸਥਾਪਤ ਕੀਤੇ ਹਨ। ਆਪਣੀਆਂ ਵਸਤਾਂ ਦਾ ਹਰ ਘਰ ਵਿਚ ਪ੍ਰਵੇਸ਼ ਕਰਵਾ ਕੇ ਮਨੁੱਖ ਨੂੰ ਨਿੱਜੀ ਆਜ਼ਾਦੀ ਦਾ ਸੁਪਨਾ ਵਿਖਾਇਆ ਹੈ। ਦੂਜੇ ਪਾਸੇ ਕਿਸੇ ਦਾ ਵੀ 'ਆਪਣਾ ਆਪ' (ਨਿੱਜ) ਆਪਣਾ ਨਹੀਂ ਰਿਹਾ, ਉਸ ਉਤੇ ਸੈਟਿਲਾਈਟਸ ਰਾਹੀਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ।

ਇਸਤਰ੍ਹਾਂ ਇਸ ਵਰਤਾਰੇ ਨੇ ਮਨੁੱਖ ਦੇ ਜੀਵਨ ਢੰਗ ਵਿਚ ਅਦਭੁਤ ਤਬਦੀਲੀ ਕਰਕੇ ਉਸਦੀਆਂ ਸੋਚਾਂ ਵਿਚ ਆਪਣਾ ਵਿਸ਼ੇਸ਼ ਸਥਾਨ ਪ੍ਰਮਾਣਿਤ ਕੀਤਾ ਹੈ। ਇਸ ਨਾਲ ਗਲੋਬੇਲਾਈਜ਼ੇਸ਼ਨ ਨੂੰ ਸੱਚੇ ਅਰਥ ਮਿਲੇ ਹਨ, ਇਹ ਕਿੰਨਾ ਸੱਚ ਹੈ ਅਤੇ ਇਸ ਵਿਚ ਫਰੇਬ ਦੇ ਕਿੰਨੇ ਰੰਗ ਮਿਲੇ ਹਨ, ਇਸ ਦੇ ਅਰਥ ਸਮਾਂ ਬੀਤਣ ਨਾਲ ਸਪਸ਼ਟ ਹੋ ਰਹੇ ਹਨ ਅਤੇ ਹੁੰਦੇ ਰਹਿਣਗੇ।

ਵਕਤ ਦੇ ਬੀਤਣ ਨਾਲ ਤਬਦੀਲ ਹੋ ਰਹੇ ਇਸ ਸਭਿਆਚਾਰਕ ਮੌਸਮ ਵਿਚ ਮਨੁੱਖ ਦੀ ਹੋਣੀ ਉਤੇ ਮੈਂ ਪਿਛਲੇ ਸਾਲਾਂ ਵਿਚ ਬਹੁਤ ਸਾਰੀਆਂ ਨਜ਼ਮਾਂ ਲਿਖੀਆਂ ਹਨ, ਜਿਹਨਾਂ ਵਿਚੋਂ ਕੁਝ ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਹਨ। ਕਵਿਤਾਵਾਂ ਦੇ ਨਾਲ ਉਹਨਾਂ ਦੀ ਲਿਖਣ-ਤਾਰੀਖ਼ ਵੀ ਦਿੱਤੀ ਗਈ ਹੈ, ਤਾਂ ਕਿ ਅੰਤਰਰਾਸ਼ਟਰੀ ਜ਼ਮੀਨ ਉਤੇ ਆਈਆਂ ਤਬਦੀਲੀਆਂ ਅਤੇ ਮਨੁੱਖੀ ਹੋਂਦ ਉਤੇ ਉਸਦੇ ਪੈ ਰਹੇ ਪ੍ਰਭਾਵ ਦੀ ਦਸਤਾਵੇਜ਼ ਨੂੰ ਇਹਨਾਂ ਨਜ਼ਮਾਂ ਰਾਹੀਂ ਪਛਾਣਿਆ ਅਤੇ ਸਾਂਭਿਆ ਜਾ ਸਕੇ।

ਮੇਰੀਆਂ ਨਜ਼ਮਾਂ ਪਤਝੜ ਦੇ ਪੀਲੇ ਪੱਤਿਆਂ ਵਰਗੀਆਂ ਹਨ, ਜੋ ਖਿਜ਼ਾ ਦੀ ਰੁੱਤ ਆਉਣ 'ਤੇ ਆਪਣਾ ਹਰਾ ਤੋਂ ਪੀਲਾ ਰੰਗ ਵਟਾ ਕੇ ਰੁੱਖਾਂ ਤੋਂ ਧਰਤੀ ਉਤੇ ਡਿਗਦੇ ਹਨ। ਧਰਤੀ ਉਤੇ ਪੀਲੇ ਪੱਤਿਆਂ ਦੇ ਢੇਰ ਲਗ ਜਾਂਦੇ ਹਨ, ਜੋ ਹੌਲੀ ਹੌਲੀ ਮਿੱਟੀ ਵਰਗੇ ਰੰਗ ਵਿਚ ਤਬਦੀਲ ਹੁੰਦੇ ਜਾਂਦੇ ਹਨ। ਪੱਤਿਆਂ ਕੱਜੀ ਸੜਕ ਉਤੇ ਤੁਰਦਿਆਂ ਇਹਨਾਂ ਦੀ ਖੜ ਖੜ ਕਰਦੀ ਆਵਾਜ਼ ਦਾ ਸੰਗੀਤ ਕੰਨਾਂ ਨੂੰ ਚੰਗਾ ਲਗਦਾ ਹੈ ਅਤੇ ਇਹਨਾਂ ਦਾ ਸਪਰਸ਼ ਪੈਰਾਂ ਨੂੰ ਠੰਡਕ ਪੁਚਾਉਂਦਾ ਹੈ। ਹਵਾ ਵਗਣ

ਉਤੇ ਇਹ ਪੱਤੇ ਤੁਰਦੇ ਰਾਹੀ ਦੇ ਆਲੇ ਦੁਆਲੇ ਘੁੰਮਦੇ ਉਸਨੂੰ ਘੇਰ ਲੈਂਦੇ ਹਨ, ਇਹੋ ਜਿਹੀ ਜ਼ਿਹਨੀ ਕੈਫੀਅਤ ਨਾਲ ਮੇਰੇ ਕੋਲੋਂ ਇਹ ਨਜ਼ਮਾਂ ਲਿਖੀਆਂ ਗਈਆਂ ਹਨ।

ਇਉਂ ਇਸ ਪੁਸਤਕ ਦੀਆਂ ਕੁਝ ਨਜ਼ਮਾਂ ਮਨੁੱਖ ਦੀਆਂ ਸੋਚਾਂ ਅਤੇ ਸਭਿਆਚਾਰ ਵਿਚ ਗਲੋਬੇਲਾਈਜੇਸ਼ਨ ਦੇ ਪ੍ਰਭਾਵ ਅਧੀਨ ਆਈ ਤਬਦੀਲੀ ਨੂੰ ਪੇਸ਼ ਕਰਦੀਆਂ ਹੋਈਆਂ ਉਸਦੀ ਰੋਜ਼ਮਰਾ ਦੀ ਜ਼ਿੰਦਗੀ ਨਾਲ ਵਾਬਸਤਾ ਹਨ। ਪੀਲੇ ਤੋਂ ਮਿੱਟੀ ਰੰਗ ਵਿਚ ਤਬਦੀਲ ਹੋ ਚੁਕੇ ਪੱਤਿਆਂ ਦੇ ਢੇਰ ਨੂੰ ਖਤਮ ਕਰਨ ਵਾਸਤੇ ਅੱਗ ਲਾਈ ਜਾਂਦੀ ਹੈ, ਇਸਤਰ੍ਹਾਂ ਪੱਤਿਆਂ ਦੇ ਢੇਰ ਵਿਚੋਂ ਉਠਦੇ ਧੂੰਏ ਅਤੇ ਬਲਦੀ ਅੱਗ ਦੀਆਂ ਲਾਟਾਂ ਦੇ ਸੇਕ ਵਰਗੀਆਂ ਕੁਝ ਨਜ਼ਮਾਂ ਅੰਤਰਰਾਸ਼ਟਰੀ ਪੱਧਰ ਉਤੇ ਫੈਲੇ ਆਤੰਕਵਾਦ ਵਿਚ ਬੇਬਸ, ਮਜ਼ਲੂਮ ਲੋਕ ਜੋ ਤਸੀਹੇ, ਜ਼ੁਲਮ ਅਤੇ ਦੁੱਖ ਸਹਿਣ ਲਈ ਮਜਬੂਰ ਹਨ, ਉਹਨਾਂ ਦੀ 'ਨਿਸ਼ਾਨਦੇਹੀ' ਕਰਦੀਆਂ ਹਨ। ਆਜ਼ਾਦੀ ਲਈ ਲੜਦੇ ਸੱਚੇ ਤੇ ਮਨੁੱਖਤਾ ਨੂੰ ਪਰਨਾਏ ਮਨੁੱਖਾਂ ਤੋਂ ਬਿਨਾਂ ਰਾਜਨੀਤੀ ਵਿਚ ਰੰਗ ਬਦਲਦੇ 'ਗਿਰਗਟ' ਵਰਗੇ ਪਾਤਰਾਂ ਉਤੇ ਵੀ ਨਜ਼ਮਾਂ ਸ਼ਾਮਲ ਹਨ।

ਕਾਮ ਮਨੁੱਖੀ ਜੀਵਨ ਵਿਚ ਵਿਸ਼ੇਸ਼ ਥਾਂ ਹਾਸਲ ਕਰਦਾ ਹੋਇਆ ਉਸਦੇ ਜੀਵਨ ਢੰਗ ਦਾ ਹਿੱਸਾ ਹੈ। ਇਸਤੋਂ ਬਿਨਾਂ ਜ਼ਿੰਦਗੀ ਦੀ ਤੋਰ ਰੁਕ ਸਕਦੀ ਹੈ, ਇਹ ਕੁਦਰਤੀ ਵਰਤਾਰਾ ਹੈ, ਬਨਸਪਤੀ ਅਤੇ ਜੀਵ ਜੰਤੂਆਂ ਦੇ ਵਾਧੇ ਵਾਸਤੇ ਵੀ ਇਸਦੀ ਵਿਸ਼ੇਸ਼ ਮਹੱਤਤਾ ਹੈ। ਇਸ ਵਿਚ ਕੁਦਰਤ ਦੇ ਨਾਲ ਨਾਲ ਹੁਣ ਮੈਡੀਕਲ ਸਾਇੰਸ ਵੀ ਸ਼ਾਮਲ ਹੋ ਗਈ ਹੈ।

ਭਾਰਤ ਅਤੇ ਹੋਰ ਦੇਸ਼ਾਂ ਦੀਆਂ ਮਿੱਥਾਂ ਵਿਚ ਕਾਮ ਨੂੰ ਸ਼ਰਧਾ ਭਾਵ ਨਾਲ ਪੇਸ਼ ਕੀਤਾ ਗਿਆ ਹੈ, ਇਸਤੋਂ ਬਿਨਾਂ ਕਲਾ ਦੇ ਇਤਿਹਾਸ ਵਿਚ ਇਸਦੀ ਖਾਸ ਜਗ੍ਹਾ ਨਿਸਚਤ ਹੈ। ਅਜੰਤਾ, ਅਲੋਰਾ, ਖਜੁਰਾਹੋ ਅਤੇ ਭਾਰਤ ਵਿਚ ਹੋਰ ਬਹੁਤ ਸਾਰੇ ਅਜਿਹੇ ਸਥਾਨ ਹਨ, ਜਿਹਨਾਂ ਵਿਚ ਕਲਾਕਾਰਾਂ ਨੇ ਬੁੱਤ-ਤਰਾਸ਼ੀ ਅਤੇ ਚਿਤਰਕਲਾ ਦੇ ਮਾਧਿਅਮ ਰਾਹੀਂ ਕਾਮ-ਰੂਪਾਂ ਨੂੰ ਪੇਸ਼ ਕੀਤਾ ਹੈ। ਸੰਸਾਰ ਦੇ ਹੋਰ ਦੇਸਾਂ ਦੇ ਮਿਥਿਹਾਸ, ਇਤਿਹਾਸ ਵਿਚ ਵੀ ਕਲਾ ਦੇ ਅਜਿਹੇ ਅਨੂਠੇ, ਅਦਭੁਤ ਨਮੂਨੇ ਮਿਲਦੇ ਹਨ ਅਤੇ ਵਰਤਮਾਨ ਵਿਚ ਵੀ ਕਲਾਕਾਰ 'ਕਾਮ' ਨੂੰ ਆਪਣੀ ਕਲਾ ਪ੍ਰਕਿਰਿਆ ਦਾ ਭਾਗ ਬਣਾ ਕੇ ਪੇਸ਼ ਕਰ ਰਹੇ ਹਨ।

ਮੈਂ ਕੁਝ ਨਜ਼ਮਾਂ ਕਾਮ ਵਿਸ਼ੇ ਬਾਰੇ ਲਿਖੀਆਂ ਹਨ, ਜੋ ਸੰਸਾਰ ਪੱਧਰ ਉਤੇ ਕਲਾਕਾਰਾਂ/ਲੋਕਾਂ ਦੀ ਕਾਮ ਪ੍ਰਤੀ ਸੋਚ ਨੂੰ ਪਰਗਟ ਕਰਦੀਆਂ ਹਨ। ਇਹਨਾਂ ਨਜ਼ਮਾਂ ਵਿਚ ਲਿਖਿਆ ਸੱਚ ਮੈਂ ਵੇਖਿਆ ਅਤੇ ਮਹਿਸੂਸ ਕੀਤਾ, ਇਸਦੇ ਬਾਵਜੂਦ ਮੈਂ ਸ਼ਾਇਦ ਇਸ ਸੰਵੇਦਨਸ਼ੀਲ ਵਿਸ਼ੇ ਉਤੇ ਲਿਖ ਨਾ ਸਕਦੀ, ਇਸਨੂੰ ਸਪਸ਼ਟ ਕਰਨ ਲਈ ਵਾਪਰੀ ਇਕ ਘਟਨਾ/ਯਾਦ ਸਾਂਝੀ ਕਰਦੀ ਹਾਂ। ਮੈਂ ਅਮਸਟਰਡਮ ਵਿਚ ਮਨੁੱਖ ਦੇ ਕਾਮ ਅਧਾਰਤ ਜੀਵਨ ਉਤੇ ਡੱਚ ਚਿਤਰਕਾਰ ਵਲੋਂ ਬਣਾਏ ਚਿਤਰਾਂ ਦੀ ਨੁਮਾਇਸ਼ ਵੇਖਣ ਗਈ। ਸਬੰਧਤ ਕਲਾਕਾਰ ਨੇ ਮੇਰੇ ਲੇਖਕ ਹੋਣ ਬਾਰੇ ਜਾਣ ਕੇ ਭਾਰਤ ਦੀਆਂ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਗੁਫਾਵਾਂ, ਜਿਹਨਾਂ ਦਾ ਜ਼ਿਕਰ ਉਪਰ ਆ ਚੁੱਕਾ ਹੈ, ਵਾਤਸਾਇਨ ਰਚਿਤ ਕਾਮ-ਸੂਤਰ ਗ੍ਰੰਥ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਅਤੇ ਭਾਰਤ ਵਿਚ ਔਰਤ ਦੀ ਵਰਤਮਾਨ ਸਥਿਤੀ ਬਾਰੇ ਗੱਲਬਾਤ

ਕਰਦਿਆਂ ਮੈਨੂੰ ਪੁੱਛਿਆ ਕਿ ਏਸ਼ੀਅਨ ਔਰਤ ਹੋਣ ਦੇ ਨਾਤੇ ਕੀ ਤੂੰ ਅਜਿਹੇ ਵਿਸ਼ਿਆਂ ਉਤੇ ਲਿਖ ਸਕਦੀ ਹੈਂ ? ਇਹ ਸਵਾਲ ਸ਼ਾਇਦ ਮੇਰੇ ਜ਼ਿਹਨ ਵਿਚ ਚੈਲਿੰਜ ਬਣ ਗਿਆ ਅਤੇ ਮੇਰੇ ਕੋਲੋਂ 'ਕਾਮ-ਰੂਪ' ਤੋਂ ਬਿਨਾਂ ਇਸ ਵਿਸ਼ੇ ਉਤੇ ਹੋਰ ਵੀ ਨਜ਼ਮਾਂ ਲਿਖੀਆਂ ਗਈਆਂ, ਉਹਨਾਂ ਵਿਚੋਂ ਕੁਝ ਪੁਸਤਕ ਵਿਚ ਸ਼ਾਮਲ ਹਨ।

ਇਸ ਪੁਸਤਕ ਦੀਆਂ ਕਈ ਕਵਿਤਾਵਾਂ ਵਿਚ ਕਵਿਤਾ ਦੇ ਵਿਸ਼ੇ ਮੁਤਾਬਕ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਵਰਤੇ ਗਏ ਹਨ, ਉਹ ਸਬੰਧਤ ਕਵਿਤਾਵਾਂ ਵਿਚ ਇਸਤਰ੍ਹਾਂ ਰਚ ਮਿਚ ਗਏ ਹਨ ਕਿ ਇਹਨਾਂ ਕਵਿਤਾਵਾਂ ਨੂੰ ਇਸਤਰ੍ਹਾਂ ਹੀ ਲਿਖਿਆ, ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ।

ਮੈਨੂੰ ਇਹ ਸਪਸ਼ਟ ਕਰਨਾ ਪੈ ਰਿਹਾ ਹੈ ਕਿ ਕਈ ਵੇਰਾਂ ਔਰਤ ਲੇਖਕਾਂ ਨੂੰ ਔਰਤਾਂ ਦੀਆਂ ਸਮੱਸਿਆਵਾਂ ਉਤੇ ਲਿਖੀਆਂ ਨਜ਼ਮਾਂ ਰਾਹੀਂ ਹੀ ਪੜ੍ਹਿਆ, ਪਰਖਿਆ ਜਾਂਦਾ ਹੈ। ਉਹਨਾਂ ਦੀਆਂ ਪੁਸਤਕਾਂ ਵਿਚ ਇਸ ਵਿਸ਼ੇ ਤੋਂ ਬਿਨਾਂ ਹੋਰ ਸਮੱਸਿਆਵਾਂ 'ਤੇ ਲਿਖੀਆਂ ਰਚਨਾਵਾਂ ਨੂੰ ਅਣਗੌਲਿਆ ਕਰ ਦਿਤਾ ਜਾਂਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਆਦਮੀ ਨੂੰ ਔਰਤ ਉਤੇ ਅਧਿਕਾਰ ਪ੍ਰਾਪਤ ਹੈ ਅਤੇ ਉਹ ਜਾਣੇ, ਅਣਜਾਣੇ ਇਸਦੀ ਵਰਤੋਂ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਕਰਦਾ ਹੈ। ਇਸ ਅਧਿਕਾਰ ਦੀ ਵਰਤੋਂ ਨਾਲ ਸਬੰਧਤ ਮਰਦ-ਔਰਤ ਸਬੰਧਾਂ ਉਤੇ ਲਿਖੀਆਂ ਕਵਿਤਾਵਾਂ ਪੁਸਤਕ ਦੇ ਅਖ਼ੀਰਲੇ ਪੰਨਿਆਂ ਉਤੇ 'ਆਦਿ-ਕਥਾ' ਉਪ ਸਿਰਲੇਖ ਅਧੀਨ ਸ਼ਾਮਲ ਕੀਤੀਆਂ ਗਈਆਂ ਹਨ।

ਇਸ ਅਧਿਕਾਰ ਦੇ ਗਲਤ ਪ੍ਰਭਾਵ ਕਰਕੇ ਸਾਡੀ ਸੋਚ, ਸਮਝ ਅਤੇ ਸਮਾਜਿਕ ਬਣਤਰ ਵਿਚ ਜੋ ਤਬਦੀਲੀ ਆਈ ਹੈ, ਉਸ ਨਾਲ ਸਬੰਧਤ ਵਿਸ਼ਿਆਂ ਉਤੇ ਕੁਝ ਨਜ਼ਮਾਂ ਇਸ ਭਾਗ ਤੋਂ ਪਹਿਲੇ ਸਫ਼ਿਆਂ ਉਤੇ ਦਰਜ ਹਨ, ਮੇਰੇ ਵਿਚਾਰ ਵਿਚ ਉਹ ਸਮਾਜਿਕ ਸਮੱਸਿਆਵਾਂ ਦੇ ਘੇਰੇ ਵਿੱਚ ਆਉਂਦੀਆਂ ਹਨ। ਇਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਸਮਾਜ ਵਿਚ ਤਬਦੀਲੀ ਲਿਆਉਣ ਵਾਸਤੇ ਲੋਕ-ਲਹਿਰ ਚਲਾਉਣੀ ਜ਼ਰੂਰੀ ਹੈ। ਇਸ ਲਈ ਸਮਾਜਕ ਸੰਸਥਾਵਾਂ, ਲੇਖਕਾਂ, ਪੱਤਰਕਾਰਾਂ (ਮੀਡੀਆ), ਰਾਜਨੀਤੀਵਾਨਾਂ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ। ਕਾਨੂੰਨ ਵਿਵਸਥਾ ਵਿਚ ਤਬਦੀਲੀ ਅਤੇ ਸੋਧ ਕਰਕੇ ਉਸਨੂੰ ਲਾਗੂ ਕਰਨਾ ਜ਼ਰੂਰੀ ਹੈ।

ਇਸ ਪੁਸਤਕ ਦੀਆਂ ਕਵਿਤਾਵਾਂ ਵਿਚ ਜਿਥੇ ਮਨੁੱਖ ਦੀ ਹੋਣੀ ਨੂੰ ਵਕਤ ਦੇ ਬਦਲਦੇ ਮੌਸਮ ਵਿਚ ਪ੍ਰੀਭਾਸ਼ਤ ਕੀਤਾ ਹੈ, ਉਥੇ ਮੇਰਾ (ਆਪਣਾ) ਸਵੈ ਵੀ ਇਹਨਾਂ ਵਿਚ ਸ਼ਾਮਲ ਹੈ। ਮੈਂ ਇਸ ਪੁਸਤਕ ਵਿਚ ਨਿੱਜ ਤੋਂ ਪਰ ਦਾ ਸਫ਼ਰ ਕਰਦੀਆਂ 'ਇਕ ਸੌ ਇਕ' ਨਜ਼ਮਾਂ ਦਾ ਨਜ਼ਰਾਨਾ ਪਾਠਕਾਂ ਦੀ ਨਜ਼ਰ ਕਰ ਰਹੀ ਹਾਂ। ਤੁਹਾਡੀ ਪੜ੍ਹਤ ਅਤੇ ਸੰਵਾਦ ਮੇਰਾ ਮਾਨ ਵਧਾਏਗਾ।

ਅਪ੍ਰੈਲ 2015

- **ਅਮਰ ਜਿਓਤੀ** (ਡਾ.)
ਲੰਡਨ
Email: amarjyoti_singh@hotmail.com

# ਹਿਟਲਰ ਦੀ ਮੁਸਕਾਨ

ਕਿੰਨਾ ਚੰਗਾ ਹੈ
ਬੇਸਮਝ ਅਤੇ ਮਾਸੂਮ ਹੋਣਾ
ਬਿਨਾਂ ਕਿਸੇ ਪਛਾਣ ਦੇ
ਧਰਤੀ 'ਤੇ ਆਉਣਾ
ਅਸੀਸਾਂ ਲੈਣਾ
ਪਿਆਰ ਜਤਾਉਣਾ
ਪਿਆਰ ਪਾਉਣਾ
ਗਲੀ ਵਿਚ ਖੇਡਦੇ
ਕਿੰਨੇ ਬਾਲਕ
ਨਿੱਕੀ ਕੰਨਿਆ
ਕਾਲੇ ਰੰਗ ਦੀ
ਘੁੰਗਰਾਲੇ ਵਾਲ
ਇਕ ਕੁੜੀ ਦੀਆਂ
ਬਿੱਲੀਆਂ ਅੱਖਾਂ
ਭੂਰੇ ਵਾਲ
ਕਿੰਨੀ ਗੋਰੀ
ਚੁੰਨ੍ਹੀਆਂ ਅੱਖਾਂ
ਚੀਨੀ ਬੱਚੇ
ਭਾਰਤੀ
ਨੇਪਾਲੀ
ਪਾਕਿਸਤਾਨੀ
ਪਿਆਰੇ ਬੱਚੇ
ਕਰਿੰਗੜੀ ਪਾਈ
ਘੇਰਾ ਬਣਾਈ
ਖੇਡ ਰਹੇ,
ਇਕ ਦਿਸ਼ਾ ਤੋਂ ਆਇਆ ਬਾਪ
ਓਧਰੋਂ ਆਈ ਮਾਂ

ਕਿਧਰੋਂ ਆਈ ਨਾਨੀ
ਫਿਰ ਆਇਆ ਦਾਦਾ
ਆਪੋ ਆਪਣੇ ਬੱਚੇ
ਉਂਗਲੀ ਲਾ ਕੇ
ਦਹਿਲੀਜ਼ ਤੋਂ ਪਾਰ ਲਿਜਾ ਕੇ
ਰੰਗ-ਜ਼ਾਤ-ਧਰਮ ਦਾ
ਅਰਥ ਸਮਝਾਇਆ
ਬੱਚੇ ਦੇ ਸਮਝ ਜਦ ਆਇਆ
ਹਿਟਲਰ ਦੀ ਮੁਸਕਾਨ ਮੁਸਕਰਾਇਆ।

-ਜਨਵਰੀ 2000

ਇਹ ਨਜ਼ਮ ਯੋਰਪੀਅਨ ਮਾਹੌਲ ਨੂੰ ਜ਼ਿਹਨ ਵਿਚ ਰਖ ਕੇ ਪੜ੍ਹੀ ਜਾਵੇ। ਯੋਰਪ ਦੇ ਵੱਡੇ ਸ਼ਹਿਰਾਂ ਵਿਚ ਵਖ ਵਖ ਦੇਸ਼ਾਂ, ਕੌਮਾਂ, ਧਰਮਾਂ ਨਾਲ ਸਬੰਧਤ ਲੋਕ ਵਸਦੇ ਹਨ। ਇਕ ਸਰਵੇ ਅਨੁਸਾਰ ਇਕ ਸਮੇਂ ਅਮਸਟਰਡਮ ਦੇ ਇਕ ਸਕੂਲ ਵਿਚ ਸੌ ਤੋਂ ਵਧ ਦੇਸ਼ਾਂ, ਧਰਮਾਂ, ਕੌਮਾਂ ਨਾਲ ਸਬੰਧਤ ਵਿਦਿਆਰਥੀ ਪੜ੍ਹਦੇ ਸਨ।

# ਸਮਾਈਲਿੰਗ ਫੇਸ

ਸਧੋਦਨ ਦਾ ਬੇਟਾ
ਉਦਾਸ ਹੈ
ਉਹਦਾ ਸਮਾਈਲਿੰਗ ਫੇਸ
ਵਿਕ ਰਿਹਾ, ਬਜ਼ਾਰ ਵਿਚ
ਗਿਫਟ ਹੋ ਰਿਹਾ ਲੋਕਾਂ ਵਿਚ
ਬੁੱਤ ਉਹਦੇ ਲਗਦੇ
ਰਾਜਨੀਤਕ ਗਲਿਆਰਿਆਂ ਵਿਚ
ਜਿਥੇ ਸੌਦੇ ਹੁੰਦੇ
ਦਹਿਸ਼ਤ ਦੇ
ਵਹਿਸ਼ਤ ਦੇ
ਮੌਤ ਦੇ
ਮਰ ਰਹੇ ਧਰਤੀ ’ਤੇ ਲੋਕ
ਜੰਗਲਾਂ ਵਿਚ ਜੀਵ
ਸਾਗਰ ਵਿਚ ਮੱਛੀਆਂ
ਖੱਲਾਂ ਦਾ ਵਿਉਪਾਰ
ਮਾਸ ਦਾ ਕਾਰੋਬਾਰ,
ਠੰਡੀ ਜੰਗ
ਹੀਰੋਸ਼ੀਮਾ ਵਿਚ
ਧਰਤੀ ਦਾ ਹਰ ਖਿੱਤਾ
ਬਦਲ ਰਿਹਾ
ਜੇਲ੍ਹਾਂ ਵਿਚ ਆਮ ਆਦਮੀ
ਬਿਨਾਂ ਜੁਰਮ ਦੇ
ਸਜ਼ਾ-ਯਾਫਤਾ
ਸੜ ਰਿਹਾ
ਇਰਾਕ ਵਿਚ
ਫਲਸਤੀਨ ਵਿਚ,
ਧਰਤੀ ਦੀਆਂ ਸਰਹੱਦਾਂ ਵਿਚ

ਵਿਗਸੇ ਦੇਸਾਂ ਵਿਚ
ਗਲੋਬੇਲਾਈਜੇਸ਼ਨ ਦਾ
'ਢੰਡੋਰਾ ਫਿਰ ਰਿਹਾ;'
ਇਸ਼ਤਿਹਾਰੀ ਬਜ਼ਾਰ ਫੈਲਦਾ
ਪ੍ਰਿੰਟ ਮੀਡੀਆ ਦਿਆਂ ਪੰਨਿਆਂ 'ਤੇ
ਟੀ.ਵੀ.ਸਕਰੀਨ ਉਤੇ
ਕੰਪਿਊਟਰ ਵਿਚ ਫੀਡ ਕਰਕੇ
ਸ਼ਾਂਤੀ ਸੁਨੇਹਾ ਘੱਲਦੇ
ਦਫ਼ਤਰਾਂ ਦੇ ਕਰਮਚਾਰੀ,
ਅਸ਼ਾਂਤੀ ਫੈਲਾਉਂਦੇ
ਕੁਫ਼ਰ ਤੋਲਦੇ
ਝੂਠ ਬੋਲਦੇ
ਨਾ ਅੱਕਦੇ
ਨਾ ਥੱਕਦੇ
ਹੱਸਦੇ-ਮਿਸਾਲਾਂ ਦੇਂਦੇ
ਬੁੱਧ-ਚਿੰਤਨ ਵਿਚੋਂ!
ਦਲਾਈਨਾਮਾ ਨੂੰ
ਅੱਖਾਂ ਉਤੇ ਬਿਠਾ ਕੇ
ਸ਼ਾਂਤੀ ਲਿਟਰੇਚਰ ਵੇਚਦੇ
ਭਰਮਾਉਂਦੇ-ਫੁਸਲਾਉਂਦੇ
ਗ਼ਰੀਬੀ ਰੇਖਾ ਥੱਲੇ ਦੱਬੇ ਲੋਕ
ਮਰ ਰਹੇ-ਸੜ ਰਹੇ
ਮਾਨਵ ਬੰਬ ਬਣ ਰਹੇ
ਧਰਤੀ ਨੂੰ ਬਲਦਾ ਵੇਖ ਕੇ
ਉਦਾਸ ਹੈ
ਸਧੋਦਨ ਦਾ ਬੇਟਾ-
ਸਿਧਾਰਥ
ਬੜਾ ਹੀ ਉਦਾਸ ਹੈ.....

-ਨਵੰਬਰ 2006

# ਸਵਪਨ ਸੁੰਦਰੀ

ਖ਼ੂਬਸੂਰਤ ਬਲਾ
ਸਵਪਨ ਸੁੰਦਰੀ
ਮਲਟੀਨੈਸ਼ਨਲ
ਚੰਦਰੀ ਮਹਿਬੂਬਾ!
ਭੀੜਾਂ ਜੁਟ ਕੇ
ਉਸਨੂੰ ਵੇਖਣ
ਆਮ ਤੇ ਖਾਸ
ਅਮੀਰ ਗ਼ਰੀਬ
ਰਾਜਾ ਰੰਕ
ਰਾਜਨੇਤਾ–ਬੁਧੀਵੇਤਾ
ਪੱਤਰਕਾਰ ਤੇ ਅਭਿਨੇਤਾ।
ਅੱਖਾਂ ਚੁੰਧਿਆਈਆਂ
ਵੇਖ ਕੇ ਉਹਦੀ
ਬੇਢੰਗੀ ਚਾਲ
ਤੁਰਦੀ ਉਹ ਨਖ਼ਰੇ ਨਾਲ
ਸੋਟ ਕਰਦੀ,ਡਾਲਰ–
ਪੌਂਡ ਰੁਪਏ ਵਿਚ ਵੱਟਦੇ
ਭਾਰਤ ਤੋਂ ਲੋਕ
ਯੋਰਪ ਵਲ ਭੱਜਦੇ ਜਾਂ
ਜਾਂਦੇ ਅਮਰੀਕਾ
ਅਸਟਰੇਲੀਆ, ਨਿਊਜ਼ੀਲੈਂਡ।
ਖ਼ੁਸ਼ਹਾਲ ਭਵਿਖ ਦੇ ਸੁਪਨੇ ਪਾਲਣ
ਸੋਹਣੇ ਛੈਲ ਜਵਾਨ–ਪੰਜਾਬੀ
ਰੋਜ਼ਗਾਰ ਲੱਭਦੇ–ਗੁਜਰਾਤੀ
ਬਿਹਾਰੀ ਬਾਬੂ–ਯੂ.ਪੀ. ਦੇਸ
ਮੱਧ ਪ੍ਰਦੇਸ
ਮਹਾਂ ਰਾਸ਼ਟਰ,ਚਿਨਾਇ
ਮੁੰਬਈ, ਕੇਰਲਾ, ਪੂਨਾ ਦੇ
ਇੰਜੀਨੀਅਰ

ਭਾਰਤ ਦੇ ਕਾਲਜਾਂ ਵਿਚ ਪੜ੍ਹਕੇ
ਡਿਗਰੀਆਂ ਲੈਂਦੇ
ਭਾਰਤੋਂ ਬਾਹਰ
ਦੂਜੇ ਦੇਸ
ਡਿਗਰੀਆਂ ਲੁੱਟਦੇ
ਬੋਲੀ ਲਾਉਂਦੇ
ਵੀਜ਼ੇ ਦੇਂਦੇ
ਵਰਕ ਪਰਮਿਟ ਲੈ ਜਾਉ
ਆਉ ਭਾਰਤੀਉ ਆਉ
ਮਜ਼ਦੂਰ ਬਣਕੇ
ਬੈਂਕਾਂ ਵਿਚ
ਕੰਪਨੀਆਂ ਵਿਚ
ਕਾਰਪੋਰੇਟ ਅਖਵਾਉ
ਕੰਮ ਕਰੋ, ਕਮਾਉ ਖਾਉ
ਉਹਨਾਂ ਦੇਸਾਂ ਦੇ ਅਰਥਚਾਰੇ
ਦਾ ਆਧਾਰ ਬਣੋ
ਭਾਰਤ ਦੀ ਪੂੰਜੀ ਵਿਚ ਵੀ
ਥੋੜ੍ਹਾ ਹਿੱਸਾ ਪਾਉ ’ਤੇ
ਉਸਨੂੰ ਵਰਾਉ, ਵਾਂਗ ਨਿਆਣੇ
ਛਣਕਣਾ ਦੇ ਕੇ ਆਖੋ
ਛੁਨ ਛੁਨ ਬੇਟਾ, ਚੁੱਪ ਹੋ ਜਾ
ਲੋਰੀ ਗਾ ਕੇ
ਉਸਨੂੰ ਮਨਾਉ
ਅਮਰੀਕਾ ਗਾਵੇ
ਯੋਰਪ ਗਾਵੇ
ਭਾਰਤ ਵੀ ਰਲ ਜਾਵੇ
ਸਾਰੇ ਨੱਚਣ ਇਕੋ ਤਾਲ
ਇਕੋ ਰੰਗ, ਨਜ਼ਰ ਨਾ ਲੱਗੇ
ਸਵਪਨ ਸੁੰਦਰੀ
ਹਰ ਕਿਸੇ ਦਾ ਸੁਪਨਾ
ਐਕਟਰ, ਮੌਡਲ, ਸਿੰਗਰ
ਬਣਨ ਦਾ ਭਰਮ ਪਾਲਦੇ
ਕਰਲੀ ਹੇਅਰ
ਰੰਗੇ ਵਾਲ

ਟੈਟੂ ਖੁਦਵਾ ਕੇ
ਨੱਥ ਪਵਾ ਕੇ
ਨਸ਼ਿਆਂ ਨਾਲ ਯਾਰੀ ਲਾ ਕੇ
ਪਾਟੀ ਜੀਨ, ਸ਼ਾਹਿਦ ਕਪੂਰ ਪਾਵੇ
ਗ਼ਰੀਬ ਭਾਰਤ ਦਾ ਮਖੌਲ ਉਡਾਵੇ
ਪਰ ਉਹਨਾਂ ਨੂੰ ਫੈਸ਼ਨਦਾਰ ਲੱਗੇ
ਲਿੰਜਰੀ ਟੌਪ
ਨੰਗ ਮੁਨੰਗੀ
ਐਕਟਰੈਸ ਪਾਵੇ,
ਅਧੁਨਿਕ ਬਣਨ ਦੀ
ਦੌੜ ਹੈ ਲੱਗੀ
ਰੋਲ ਮੌਡਲ ਬਣੀ
ਮਲਿਕਾ ਹੀਰੋਇਨ
ਇਸ ਸਮੇਂ ਵਿਚ
ਬਹੁਤਿਆਂ ਦਾ
ਇਹੋ ਹਾਲ
ਮੀਡੀਆ ਆਖੇ
ਵੇਖੋ ਹੋਇਆ
ਕਿੰਨਾ ਕਮਾਲ
ਸਟਿੰਗ ਉਪਰੇਸ਼ਨ ਡੱਸਦੇ
ਫਿਰ ਵੀ ਕਰਨ ਨਿਹਾਲ
ਜਾਹੋ ਜਲਾਲ
ਆਜ਼ਾਦੀ ਮਿਲ ਗਈ
ਮੁੰਡਿਆਂ ਨੂੰ
ਕੁੜੀਆਂ ਹੋਈਆਂ
ਲਿਬਰੇਟਿਡ
ਆਜ਼ਾਦੀ ਜਿਉਂਦੀਆਂ
ਕਿੰਨੀਆਂ ਪਰੀਆਂ
ਧਰਤੀ ਉਤਰੀਆਂ
ਆਉ ਅਸੀਂ ਜਸ਼ਨ
ਮਨਾਈਏ
ਮਲਟੀਨੈਸ਼ਨਲ ਸੁੰਦਰੀ ਦੇ
ਵਾਰੇ ਵਾਰੇ ਜਾਈਏ।

–ਜੁਲਾਈ 2011

# ਕਿਉਂ ਨਰਾਜ਼ ਹਾਂ

ਨਰਾਜ਼ ਹਾਂ-ਕਿਸ ਨਾਲ ?
ਨਹੀਂ ਜਾਣਦੀ
ਵੇਖਦੀ ਹਾਂ
ਮਾਸੂਮ ਬੱਚੇ
ਅੱਥਰੇ ਜਵਾਨ
ਬਿਨਾਂ ਸੋਚੇ
ਬਣੇ ਸੋਚਵਾਨ
ਖੋਜ ਕਰਨ ਦੇ ਚਾਹਵਾਨ
ਸਿਦਕਵਾਨ-ਘਿਰ ਗਏ
ਆਤੰਕਵਾਦੀਆਂ ਦੀਆਂ
ਚਾਲਾਂ ਵਿਚ
ਅੱਗ ਦੀਆਂ ਇਹ ਲਪਟਾਂ
ਨਿਗਲ ਰਹੀਆਂ
ਸੋਚਾਂ ਨੂੰ
ਦਲੀਲਾਂ ਨੂੰ
ਸੰਵਾਦ ਨੂੰ,
ਨਰਾਜ਼ ਹਾਂ
ਸਿਸਟਮ ਨਾਲ
ਅਨਪੜ੍ਹਤਾ ਨਾਲ
ਭੁੱਖ ਨਾਲ
ਲਾਚਾਰੀ ਨਾਲ
ਬੀਮਾਰੀ ਨਾਲ
ਜ਼ਾਤਪਾਤ ਨਾਲ
ਧਰਮ ਨਾਲ
ਮਜਬੂਰੀ ਨਾਲ
ਅਣਭੋਲ ਉਹਨਾਂ
ਬੱਚਿਆਂ ਨਾਲ

ਸ਼ੈਤਾਨਾਂ ਕੋਲੋਂ
ਹਥਿਆਰ-ਬੰਦ
ਟਰੇਨਿੰਗ ਲੈਂਦੇ
ਆਖੇ ਆਕਾ ਦੇ ਲੱਗਦੇ
ਜਾਨ ਤਲੀ 'ਤੇ ਰੱਖਦੇ
ਜਹਾਦ ਕਮਾਉਂਦੇ
ਬੇਕਸੂਰ ਲੋਕਾਂ ਨੂੰ
ਮਾਰ ਮੁਕਾਉਂਦੇ
ਬੰਬ ਚਲਾਉਂਦੇ
ਕਿਉਂ ਚਲਾਉਂਦੇ ?
ਸਮਝ ਨਾ ਪਾਉਂਦੇ,
ਕਲਮ ਉਹਨਾਂ ਦੀ
ਮਦਦ ਨਾ ਕਰਦੀ
ਅੱਖਰ ਗੂੰਗੇ
ਸ਼ਬਦ ਹਨ ਬਹਿਰੇ
ਅਰਥ ਕੁਝ ਸਮਝ
ਨਾ ਸਕਦੇ
ਨਰਾਜ਼ ਹਾਂ
ਕਿਉਂ- ?
ਕਿਸ ਨਾਲ...... ?

-ਸਤੰਬਰ 2012

## ਸ਼ਬਦਾਂ ਦਾ ਚੀਰ-ਹਰਣ

ਮਨੁੱਖ ਨੇ ਸਿਰਜੀ
ਸਭਿਅਤਾ-ਅਰਥ ਦਿੱਤੇ
ਸੰਸਕ੍ਰਿਤੀ ਨੂੰ
ਜਿਸਮ ਕੱਜਣ ਲਈ
ਪਹਿਰਣ ਪਹਿਨਿਆ
ਪਰਦਾਦਾਰੀ ਕੀਤੀ
ਕੁਦਰਤ ਕੋਲੋਂ,
ਅਚਾਰ ਵਿਹਾਰ ਸਿਰਜਿਆ
ਬੋਲੀ ਨੂੰ ਚਿਹਰਾ ਦਿੱਤਾ
ਲਫ਼ਜ਼ਾਂ ਦਾ ਲਿਬਾਸ ਪਾ ਕੇ
ਵਜੂਦ ਉਸਦਾ-
ਸੁੰਦਰ ਬਣਾਇਆ,
ਪਰ ਅਰਥ ਜਦ
ਨਗਨ ਹੋ ਕੇ
ਸਮਾਜ ਦੀਆਂ ਗਲੀਆਂ ਵਿਚ
ਤੁਰਦੇ ਹਨ
ਕੰਵਾਰੀ, ਅਸਮਤ,
ਇੱਜ਼ਤ ਤੇ ਆਣ ਜਿਹੇ
ਸ਼ਬਦ
ਕੇਵਲ ਔਰਤ ਨਾਲ
ਜੁੜਦੇ ਹਨ,
ਸ਼ਬਦਾਂ ਦਾ ਚੀਰ-ਹਰਣ
ਹੁੰਦਾ ਹੈ
ਝੂਠ, ਫਰੇਬ, ਠੱਗੀ,
ਮੱਕਾਰੀ ਜਿਹੇ
ਲਫਜ਼
ਸਾਜ਼ਿਸ਼ ਕਰਦੇ ਹਨ

ਲੋਕ ਦੁਰਯੋਧਨ ਅਤੇ ਉਸਦੇ
ਅਠਾਨਵੇਂ* ਭਰਾਵਾਂ ਵਾਂਗ
ਖਿੱਲੀ ਪਾ ਕੇ ਹੱਸਦੇ ਹਨ
ਪੰਜ ਪਾਂਡਵਾਂ ਵਾਂਗ
ਬੇਸ਼ਰਮ ਹੋ ਕੇ ਤੱਕਦੇ ਹਨ,
ਭਾਸ਼ਾ ਨੂੰ ਮਾਣ ਦੇਣ ਵਾਸਤੇ
ਕੋਈ ਨਹੀਂ ਆਉਂਦਾ
ਨੰਗੇ ਅਰਥ ਇਨਸਾਨੀਅਤ
ਨਕਾਰਦੇ–
ਦਨਦਨਾਉਂਦੇ ਚੱਲਦੇ ਹਨ।

–ਫਰਵਰੀ 1992

*ਕੌਰਵ ਭਰਾਵਾਂ ਵਿਚੋਂ ਉਹਨਾਂ ਦੇ ਇਕ ਭਰਾ ਯੂਇਤਸੂ ਨੇ ਦਰੋਪਦੀ ਨੂੰ ਰਾਜ ਦਰਬਾਰ ਵਿਚ ਬੇ–ਆਬਰੂ ਕਰਨ ਦਾ ਵਿਰੋਧ ਕੀਤਾ ਸੀ।

# ਸੰਤਾਪ ਅਤੇ ਔਰਤਾਂ

ਔਰਤਾਂ ਸੰਤਾਪ ਦੀ-
ਧੁੰਦ ਵਿਚ ਘਿਰ ਗਈਆਂ
ਇਹਨਾਂ ਦੀ ਦਾਸਤਾਨ ਲਿਖਦਿਆਂ
ਸ਼ਬਦ ਮੇਰੀ ਨਜ਼ਮ ਦੇ
ਗਲੇਸ਼ੀਅਰ ਹੇਠਾਂ ਦੱਬੇ ਗਏ
ਅਰਥ ਡਿਗ ਪਏ,
ਧਰਤੀ ਉਤੇ
ਨੌਰਥ ਪੋਲ ਦੀ ਠੰਡ ਨਾਲ
ਗਸ਼ ਖਾ ਕੇ।
ਮਾਨਵ-ਬੰਬ ਬਣੀਆਂ ਔਰਤਾਂ*1
ਨਫ਼ਰਤ ਦੇ ਕਾਬਲ
ਲੋਕਾਂ ਨੂੰ ਮਾਰ ਕੇ
ਆਪ ਵੀ ਮਰਦੀਆਂ, ਜਦ
ਮਾਨਵ ਬੰਬ ਦਾ ਬਟਨ-
ਦੱਬਦੀਆਂ, ਇਹ
ਔਰਤਾਂ ਤਾਂ ਮਰ ਗਈਆਂ
ਚਿਰੋਕਣੀਆਂ
ਜ਼ਲੀਲ ਹੁੰਦੀਆਂ ਵਾਰ ਵਾਰ
ਰੇਪ-ਕੇਂਦਰਾਂ*2 ਵਿਚ
ਅੱਜ ਤਾਂ ਉਹ
ਆਮ ਲੋਕਾਂ ਵਿਚ ਵਿਚਰ ਕੇ
ਆਪਣੇ ਜਿਸਮਾਂ ਨਾਲ ਬੰਨ੍ਹੇ
ਬੰਬਾਂ ਨਾਲ, ਜ਼ਿੰਦਗੀ ਆਪਣੀ
ਦਾਅ ਉਤੇ ਲਾ ਕੇ
ਖ਼ੁਦਕੁਸ਼ੀ ਕਰ ਗਈਆਂ
ਰਾਜਨੇਤਾ ਤੇ ਮੋਹਤਬਰਾਂ ਲਈ
ਸਵਾਲ ਅਨੇਕਾਂ ਛੱਡ ਗਈਆਂ

ਸਵਾਲਾਂ ਦਾ ਉਤਰਦਾਈ
ਕੋਈ ਵੀ ਨਹੀਂ, ਇਸ ਬਾਰੇ
ਕੌਣ ਸੋਚੇ?
ਇਹ ਫਿਦਾਈਨ ਔਰਤਾਂ
ਆਤੰਕਵਾਦ ਦੀ ਸੂਲੀ 'ਤੇ
ਰੋਜ਼ ਚੜ੍ਹ ਰਹੀਆਂ
ਔਰਤਾਂ ਸੰਤਾਪ ਦੀ ਧੁੰਦ ਵਿਚ
ਘਿਰ ਗਈਆਂ ਹਨ।

–ਜੁਲਾਈ 2011

*1*2 ਇਰਾਕ ਵਿਚ ਔਰਤਾਂ ਨੂੰ ਵਰਗਲਾ ਕੇ ਰੇਪ-ਕੇਂਦਰਾਂ ਵਿਚ ਸੱਦ ਕੇ ਦਹਿਸ਼ਤਗਰਦਾਂ ਵਲੋਂ ਵਾਰ ਵਾਰ ਜ਼ਲੀਲ ਕੀਤਾ ਜਾਂਦਾ ਹੈ, ਤਾਂ ਜੋ ਉਹ ਮਾਨਵ-ਬੰਬ ਬਣ ਕੇ ਆਪਣੇ ਆਪ ਨੂੰ ਖ਼ੁਸ਼ਨਸੀਬ ਸਮਝਣ ਲਈ ਮਜਬੂਰ ਹੋ ਜਾਣ।

# ਬਾਬਾ ਨਾਨਕ ਉਦਾਸ ਹੈ

ਨਾਨਕ ਬਾਬਾ ਉਦਾਸ ਹੈ
ਬੜਾ ਹੀ ਉਦਾਸ ਹੈ।
ਬੁੱਤ ਉਹਦਾ ਬਣ ਰਿਹਾ
ਚੀਨ ਵਿਚ
ਬਰਾਮਦ ਹੁੰਦਾ
ਭਾਰਤ ਵਿਚ
ਵਿਕ ਰਿਹਾ
ਪੰਜਾਬ ਵਿਚ
ਦੁਕਾਨਾਂ ’ਤੇ ਮੇਲਿਆਂ ਵਿਚੋਂ
ਖ਼ਰੀਦ ਸਕਦਾ ਹਰ ਕੋਈ
ਬੁੱਤ ਪੂਜਾ ਜੋ ਕਰਦਾ।

ਧੀਆਂ ਦਾ ਬਾਬਲ ਉਦਾਸ ਹੈ
ਸੰਜਮ ਨੂੰ ਪਾਲਦਾ
ਸਬਰ ਮਾਵਾਂ ਦਾ ਵੇਖਦਾ
‘ਭੰਡਿ ਜੰਮੀਐ ਭੰਡਿ ਨਿੰਮੀਏ....
ਭੰਡੈ ਬਾਝੁ ਨਾ ਕੋਇ’
ਜਿਸ ਆਖਿਆ
ਭੁਲਿਆ ਹਰ ਕੋਈ
ਸੁਣਦਾ ਨਾ ਕੋਈ
ਮਾਂ ਦੀ ਕੁੱਖ ਵਿਚ
ਜਦ ਧੀਅ ਨਿੰਮੀ
ਜਨਮ ਤੋਂ ਪਹਿਲਾਂ
ਉਹਦੇ ਕਤਲ ਦੀ
ਸਾਜ਼ਿਸ਼ ਜੰਮੀ
ਧੀਆਂ ਨੂੰ ਕੁੱਖ ਵਿਚ ਮਰਦਾ ਵੇਖ ਕੇ
ਧੀਆਂ ਦੇ ਕਾਤਲ ਵੇਖ ਕੇ

ਉਦਾਸ ਹੈ ਨਾਨਕ ਬਾਬਲ
ਬੜਾ ਹੀ ਉਦਾਸ ਹੈ।

ਭਗਤ ਸਿੰਘ ਦੀ ਉਮਰ ਦੇ ਹਾਣੀ
ਜਿਹਨਾਂ ਨਾ ਆਪਣੀ ਹੋਂਦ ਪਛਾਣੀ
ਸੰਘਰਸ਼ ਕਰਨ ਤੋਂ ਡਰਦੇ
ਹੱਕ ਸੱਚ ਲਈ ਲੜਨ ਦੀ ਥਾਂ
ਨਸ਼ੇ ਉਹ ਕਰਦੇ
ਮੈਦਾਨ ਵਿਚੋਂ ਭੱਜਦਾ ਵੇਖਕੇ
ਸ਼ੇਰ ਤੋਂ ਗਿੱਦੜ ਬਣਦਾ ਵੇਖ ਕੇ
ਜਵਾਨੀ ਨੂੰ ਰੁਲਦਾ ਵੇਖ ਕੇ
ਬਾਬਾ ਨਾਨਕ ਉਦਾਸ ਹੈ
ਬੜਾ ਹੀ ਉਦਾਸ ਹੈ।

ਨਾਨਕ ਭਗਤ ਉਦਾਸ ਹੈ
ਬ੍ਰਹਿਮੰਡ ਜਿਸ ਥਾਲ ਬਣਾਇਆ
ਇਬਾਦਤ ਕਰਨ ਲਈ ਰੱਬ ਦੀ
ਮਾਣਕ, ਮੋਤੀਆਂ, ਤਾਰਿਆਂ ਨਾਲ ਸਜਾਇਆ
ਚੰਨ ਤੇ ਸੂਰਜ ਦੀਪ ਜਗਾਏ
ਪਵਨ ਚੌਰ ਕਰੇ
'ਨਿਰਭੈ' ਦੇ ਪ੍ਰੇਮ ਵਿਚ ਰਮਿਆ
ਨਾਨਕ ਆਰਤੀ ਗਾਉਂਦਾ
ਬ੍ਰਹਿਮੰਡ ਨੂੰ ਖੰਡਿਤ ਹੁੰਦਾ ਵੇਖ ਕੇ
ਓਜ਼ੋਨ ਨੂੰ ਟੁੱਟਦਾ ਵੇਖਕੇ
ਸੂਰਜ ਨੂੰ ਸੜਦਾ ਵੇਖ ਕੇ
ਮਨੁੱਖ ਨੂੰ ਤਪਸ਼ ਨਾਲ ਮਰਦਾ ਵੇਖ ਕੇ
ਨਾਨਕ ਭਗਤ ਉਦਾਸ ਹੈ
ਬੜਾ ਹੀ ਉਦਾਸ ਹੈ।
ਨਾਨਕ ਸ਼ਾਇਰ ਉਦਾਸ ਹੈ

ਅੱਖਰਾਂ ਦੀ ਜੋ ਰਮਜ਼ ਪਛਾਨਣ
ਸ਼ਬਦਾਂ ਦੇ ਭੇਤ ਜੋ ਜਾਨਣ
ਅਖਵਾਉਂਦੇ ਬੁੱਧੀਜੀਵੀ
ਕਰਦੇ ਵਣਜ ਫਲਸਫ਼ੇ ਦਾ
ਬਾਬਰ ਦੇ ਫਰਮਾਬਰਦਾਰ
ਪਾਪ ਉਹਨਾਂ ਦੇ ਕੱਜਦੇ
ਲੱਛੇਦਾਰ ਵਾਕਾਂ ਨਾਲ
ਉਹਨਾਂ ਦੀ ਜੰਞ ਵਿਚ ਰਲਕੇ
ਜੱਸ ਉਹਨਾਂ ਦਾ ਗਾਉਂਦੇ
ਵੇਲ ਵਧਾਉਂਦੇ
ਕਵੀਆਂ, ਕਲਮਾਂ ਦੇ ਧਨੀਆਂ ਨੂੰ
ਪਾਪ ਦੀ ਜੰਞ ਵਿਚ ਰਲਦਾ ਵੇਖਕੇ
ਨਾਨਕ ਸ਼ਾਇਰ ਉਦਾਸ ਹੈ
ਬੜਾ ਹੀ ਉਦਾਸ ਹੈ
ਬਾਬਾ ਨਾਨਕ ਉਦਾਸ ਹੈ,....।

–ਨਵੰਬਰ 2011

# ਨਿਸ਼ਾਨਦੇਹੀ

ਦੋਸ਼ੀ ਨੂੰ-ਸਜ਼ਾ ਦਿਉ
ਕਿਹੜੇ ਹਾਲਾਤ
ਕਿਸਦੇ ਇਸ਼ਾਰੇ
ਮਜਬੂਰ ਕੀਤਾ ਉਸਨੂੰ
ਜੁਰਮ ਕਰਨ ਵਾਸਤੇ
ਇਸਨੂੰ ਲੱਭਣਾ
ਕਾਨੂੰਨ ਵਿਚ
ਸ਼ਾਮਲ ਨਹੀਂ,
ਗਵਾਹ ਤੇ ਸਬੂਤ
ਫੋਰੈਂਸਿਕ ਲੈਬ
ਪੋਸਟ ਮਾਰਟਮ ਰਿਪੋਰਟਸ
ਆਧਾਰ ਬਣਦੇ
ਸਜ਼ਾ ਨਿਯਤ ਕਰਨ ਵਾਸਤੇ
ਪ੍ਰਸੰਗ ਤੇ ਇਸ਼ਾਰੇ
ਅਦ੍ਰਿਸ਼ ਹਨ,
ਕਿਵੇਂ ਸਜ਼ਾ ਦੇ ਸਕਦੇ ਹੋ
ਹਲਾਤ ਜਾਂ ਉਸ ਸੋਚ ਨੂੰ
ਉਹਨਾਂ ਹੱਥਾ ਨੂੰ, ਜਿਹਨਾਂ
ਮਨਸੂਬਾ ਬਣਾ ਕੇ
ਤਰਕੀਬ ਲੜਾ ਕੇ
ਸਾਜ਼ਿਸ਼ ਕਰਕੇ
ਦਸਤਾਵੇਜ਼ ਲਿਖੀਆਂ
ਹਦਾਇਤਾਂ ਦਿੱਤੀਆਂ ਜ਼ਬਾਨੀ
ਜੁਰਮ ਦੇ ਰਾਹ
ਤੁਰਨ ਵਾਸਤੇ
ਰੌਸ਼ਨ ਕੀਤੇ,
ਰਾਹੀ ਨੂੰ ਸਜ਼ਾ ਦੇਣੀ ਵਾਜਬ

ਰਾਹ ਨੂੰ ਸਜ਼ਾ ਕਿਵੇਂ ਦੇ ਸਕਦੇ ਹੋ ?
ਵਕੀਲਾਂ ਨੇ
ਪੇਸ਼ ਕੀਤੀਆਂ ਦਲੀਲਾਂ
ਨਿਯਤ ਦਫਾ ਦੁਹਰਾਈਆਂ,
ਕੁਰਾਹੇ ਪਏ ਜਾਂ
ਮਜਬੂਰ ਦੋਸ਼ੀਆਂ ਲਈ
ਜਿਹਨਾਂ ਦੇ ਕੁਕਰਮ ਵੱਡੇ
ਦਹਿਸ਼ਤ ਵਧਾਉਂਦੇ
ਜਨਤਕ ਥਾਵਾਂ ਉਤੇ
ਬੰਬ ਚਲਾਉਂਦੇ
ਬੇਕਸੂਰ ਲੋਕਾਂ ਦੇ ਕਾਤਲ
ਕੀ 'ਉਹਨਾਂ' ਨੂੰ ਹਾਸਲ
ਮੌਤ ਜਿਸਮਾਂ ਵਿਚ ਬੀਜ ਕੇ
ਤੁਰਦੇ ਫਿਰਦੇ
ਆਤੰਕ ਜਿਉਂਦੇ
ਆਤੰਕ ਫੈਲਾਉਂਦੇ
ਆਮ ਲੋਕਾਂ ਦਾ ਜੀਵਨ
ਮੁਸ਼ਕਲ ਬਣਾਉਂਦੇ,
ਜੱਜ ਨੇ ਦਲੀਲਾਂ ਸੁਣਕੇ
ਸਭ ਕੁਝ ਪੜ੍ਹਕੇ
ਗੌਰ ਕਰਕੇ
ਕਾਨੂੰਨ ਦੀ ਮਜਬੂਰੀ ਦੇ
ਹੱਕ ਵਿਚ ਫੈਸਲਾ ਸੁਣਾ ਦਿਤਾ।
ਅਦਾਲਤ ਵਿਚ ਹਾਜ਼ਰ-
ਆਮ ਲੋਕਾਂ ਵਿਚ
ਸ਼ੋਰ ਹੋਇਆ-ਪਰ
ਇਸਦੀ ਆਵਾਜ਼, ਅਪੂਰਨ-
ਬੇਮਤਲਬ ਫੈਸਲੇ ਦੇ ਕੰਨਾਂ ਨੂੰ
ਸੁਣਾਈ ਨਾ ਦਿਤੀ,

'ਲੋਕ ਹੱਕਾਂ' ਦੀ ਅਸਾਂ ਰਾਖੀ ਕੀਤੀ
ਵਕੀਲਾਂ ਆਖਿਆ
ਆਪਸ ਵਿਚ ਹੱਥ ਮਿਲਾਏ
ਜਿਊਰੀ ਮੁਸਕਰਾਈ
ਪ੍ਰੈੱਸ ਰਿਪੋਟਰਾਂ ਆਪਣੇ–
ਆਪਣੇ ਮੀਡੀਆ ਦੀ
ਖਾਸ ਖ਼ਬਰ ਵਜੋਂ ਪ੍ਰਚਾਰਿਆ,
ਕਚਹਿਰੀ ਮੁਲਤਵੀ ਹੋ ਗਈ
ਅਗਲੇ ਮੁਕਦਮੇ ਦੀ
ਸੁਣਵਾਈ ਤਕ,
ਅਜਿਹੇ ਕੁਕਰਮਾਂ–ਜੁਰਮਾਂ
ਪਿਛੇ ਛੁਪੇ ਹੱਥਾਂ ਦੀ
ਨਿਸ਼ਾਨਦੇਹੀ ਹੋਵੇ ਕਿਵੇਂ ਹਾਸਲ
ਜੋ ਮਾਸੂਮ, ਮਜਬੂਰ ਲੋਕਾਂ ਨੂੰ
ਦਿਸ਼ਾ–ਹੀਨ ਕਰਕੇ
ਮੁਜਰਮ ਬਣਾ ਕੇ
ਹੋਰ ਵੱਡੇ ਜੁਰਮ
ਕਰਵਾਉਣਗੇ
ਆਪ ਜਨਤਾ ਦੇ ਮਾਈ ਬਾਪ
ਅਖਵਾਉਣਗੇ
ਦੋਸ਼ੀ ਫਿਰ ਕਟਹਿਰੇ ਵਿਚ
ਖਲੋਣਗੇ।

–ਜਨਵਰੀ 1994

# ਗਿਰਗਿਟ

ਇਕ ਦਿਨ ਕਾਮਰੇਡ ਆਖਦਾ
ਭਗਤ ਸਿੰਘ-ਸੁਖਦੇਵ-ਗੁਰੂਦਤ,
ਸਰਾਭਾ ਕਰਤਾਰ ਸਿੰਘ,
ਚੰਦਰ ਸ਼ੇਖ਼ਰ ਆਜ਼ਾਦ ਵਗੈਰਾ
ਦੀਆਂ ਕੁਰਬਾਨੀਆਂ
ਬੇਮਿਸਾਲ
ਆਜ਼ਾਦੀ ਲਈ ਸ਼ਹੀਦੀਆਂ
ਲਾਜਵਾਬ
ਜਵਾਨੀ ਦੇ ਜੋਸ਼ ਵਿਚ
ਜਵਾਨ ਇਸ ਤਰ੍ਹਾਂ ਹੀ ਸੋਚਦੇ
ਆਜ਼ਾਦ ਹੋਣਾ ਲੋਚਦੇ
ਲੋਕ-ਹਿੱਤਾਂ ਲਈ ਲੜਨ ਵਾਸਤੇ
ਘਰੋਂ ਨਿਕਲਦੇ-
ਮਰਜੀਵੜੇ,
ਉਹ ਵੀ
ਗਰੀਬਾਂ, ਕਾਮਿਆਂ
ਮਜ਼ਦੂਰਾਂ, ਲੋੜਵੰਦਾਂ
ਥੁੜਿਆਂ, ਮਸਕੀਨਾਂ ਵਾਸਤੇ ਲੜਿਆ
ਹੋ ਕੇ ਜ਼ਮੀਨ-ਦੋਜ਼
ਲੋਕਾਂ ਵਿਚ ਵਿਚਰਿਆ
ਪਾਰਟੀ ਦਾ ਸਿਰਕੱਢ ਜਰਨੈਲ
ਜੇਲ੍ਹ ਵਿਚ ਤਸੀਹੇ ਸਹਿੰਦਾ
ਪੁਲਿਸ ਦਾ ਕਹਿਰ, ਤਸ਼ੱਦਦ
ਮੂੰਹੋਂ ਕੁਝ ਨਾ ਬੋਲਿਆ
ਖ਼ਾਮੋਸ਼ੀ ਨਾਲ ਨਾਤਾ ਜੋੜਿਆ
ਅੱਲ੍ਹੜ ਉਮਰ ਸੀ,
ਕਿੰਨਾ ਐਡਵੈਂਚਰ

ਖਤਰੇ ਬਣਦੇ ਸੰਗੀ-ਸਾਥੀ
ਦਿਲ ਵਿਚ ਕਰ ਮਰਨ ਦੀ ਮਨਸ਼ਾ
ਲੋਕ-ਯੁੱਧ ਵਿਚ ਲੜਨ ਸੂਰਮੇ
ਗਰਮ ਖ਼ੂਨ ਦੇ ਆਖੇ ਲੱਗ ਕੇ
ਕੀਤੇ ਜੋ ਜਜ਼ਬਾਤੀ ਵਾਅਦੇ
ਕਰ ਨਾ ਸਕੇ ਪੂਰੇ
'ਸਿਧਾਂਤ' ਦੀ ਲੜਾਈ ਲੜਦੇ
ਹਉਮੈ ਰਹੇ ਪੁਗਾਉਂਦੇ ਲੀਡਰ
ਲੋਕ ਲਹਿਰ ਵਿਚ ਕਿੰਨਾ
ਅਜਾਈਂ ਖ਼ੂਨ ਵਹਾਇਆ।
ਉਦਾਸ ਹੋ, ਉਹ ਬਣਬਾਸ ਚਲੇ
ਲਹਿਰ ਛੱਡ ਪਰਵਾਸ ਚਲੇ
ਅੱਧੀ ਸਦੀ ਉਮਰ ਦੀ ਬੀਤੀ
ਮੱਧਵਰਗ ਦੇ ਸੁੱਖ ਹੰਢਾਏ
ਪੁਰਖਲੂਸ ਆਖਦਾ ਉਹ,
ਲਹਿਰ ਤੋਂ ਕੀ ਪਾਇਆ
ਐਵੇਂ ਵਕਤ ਗਵਾਇਆ
ਜੁਝਾਰ ਕਵਿਤਾ ਦਾ
ਉਹ ਕਾਮਰੇਡ ਕਵੀ
ਉੱਚੀ ਪਦਵੀ ਹੰਢਾਉਂਦਾ
ਫਲਦਾਰ ਰੁੱਖ ਤੇ ਬੈਠਾ,
ਗਿਰਗਿਟ ਬਣ ਗਿਆ।

-ਜੁਲਾਈ 2002

# ਚਿੰਤਨ

ਕਿੰਨਾ ਮੰਦਭਾਗਾ ਹੈ
ਹਕੀਕਤਾਂ ਦਾ
ਬੇਆਬਰੂ ਹੋਣਾ
ਖ਼ੁਸ਼ ਫਹਿਮੀ ਵਿਚ
ਸੋਚਦੇ ਰਹਿਣਾ,
ਕਦੀ ਸਾਡੇ ਵੀ
ਦਿਨ ਆਉਣਗੇ
ਹਾਲਾਤ ਨੂੰ ਕਬੂਲ ਕਰਕੇ
ਚਿੰਤਨ ਕਰਨ ਦੀ ਥਾਂ
ਹਉਮੈ ਪੁਗਾਉਣਾ
ਨਾਹਰਿਆਂ ਨਾਲ
ਕੰਮ ਚਲਾਉਣਾ
ਖ਼ਵਾਬਾਂ ਨੂੰ ਲਾਰੇ ਲਾ ਕੇ
ਸੁਪਨ-ਦੇਸ਼ ਵਿਚ
ਵਿਚਰਦੇ ਰਹਿਣਾ
ਲੋਕਾਂ ਤੋਂ ਦੂਰ ਹੋ ਜਾਣਾ
ਅਵੇਸਲੇ ਤੇ ਨਿਕੰਮੇ
ਬਣਕੇ-ਸੋਚਦੇ ਰਹਿਣਾ
ਕਮਜ਼ੋਰੀਆਂ ਨੂੰ
ਛਾਤੀ ਨਾਲ ਲਾ ਕੇ
ਲੋਰੀ ਸੁਣਾਉਣਾ
ਚਾਹੀਦਾ ਤਾਂ ਹੈ,
ਅਨੁਸਾਸ਼ਨ ਅਪਣਾ ਕੇ
ਸੰਗਠਨ ਬਣਾ ਕੇ
ਸੰਘਰਸ਼ ਨਾਲ
ਯਾਰੀ ਲਾ ਕੇ
ਅਹੁਦਿਆਂ
ਕੁਰਸੀਆਂ
ਹਉਮੈ ਨੂੰ
ਅਲਵਿਦਾ ਕਹਿ ਕੇ
ਮੈਦਾਨ ਵਿਚ ਆਉਣਾ
ਸੂਰਜ ਤਕ ਪਹੁੰਚਣ ਲਈ
ਰਾਹ ਬਣਾਉਣਾ .......।

-ਅਗਸਤ 2014

# ਨਜ਼ਮ ਲਿਖਣੀ ਭੁੱਲ ਗਈ

ਹਰ ਪਲ ਤੈਨੂੰ ਸੋਚਦੀ
ਭੁੱਲ ਗਈ
ਉਹਨਾਂ ਬੱਚਿਆਂ ਤੇ
ਮਾਪਿਆਂ ਨੂੰ
ਜਿਹਨਾਂ ਬਾਰੇ ਨਜ਼ਮ
ਸੀ ਲਿਖਣੀ
ਮਜਬੂਰ ਮਾਪੇ
ਗੁਜ਼ਰ ਬਸਰ ਕਰਨ ਲਈ
ਬੱਚਿਆਂ ਤੋਂ ਕੰਮ ਕਰਵਾਉਂਦੇ
ਚਾਈਲਡ ਲੇਬਰ ’ਤੇ ਹੱਕ ਜਮਾਉਂਦੇ
ਸਕੂਲ ਵਿਚ ਗੈਰ ਹਾਜ਼ਰੀ ਲਵਾਉਂਦੇ
ਸਰਘੀ ਵੇਲੇ ਬੱਚਿਆਂ ਨੂੰ
ਘੱਲਦੇ ਜ਼ਿੰਮੀਦਾਰ ਦੇ ਖੇਤਾਂ ਵਿਚ
ਕੰਮ ਕਰਦੇ ਨਿੱਕੇ ਸੀਰੀ
ਉਜਰਤ ਪਾਉਂਦੇ।
ਕੈਂਸਰ ਨਾਲ ਬਿਮਾਰ ਪਿਤਾ
ਮੋਢਿਆਂ ’ਤੇ ਚੁੱਕੀ
ਜਿਗਰ ਦਾ ਟੋਟਾ
ਹੋਕਾ ਦੇਂਦਾ,
‘ਪੁੱਤ’ ਵਿਕਾਊ ਹੈ’
ਪਲ ਛਿਣ ਮੌਤ ਵਲ
ਵਧ ਰਹੀ ਜ਼ਿੰਦਗੀ
ਰੋਟੀ ਦਾ ਜਿਥੇ
ਨਹੀਂ ਭਰੋਸਾ
ਦਵਾ ਦਾਰੂ ਕਿੰਜ ਕਰੇ
ਮਰਨ ਤੋਂ ਪਹਿਲਾਂ
ਬੱਚਾ ਆਪਣਾ
ਕਿਸਦੇ ਹਵਾਲੇ ਕਰੇ ?
ਹੱਡੀਆਂ ਦੀ ਮੁੱਠ
ਪਿੰਜਰ ਜਿਉਂਦਾ
ਰਿਕਸ਼ਾ ਚਲਾਉਂਦਾ

ਗ੍ਰਹਿਸਤੀ ਦੀ ਗੱਡੀ ਖਿੱਚੇ
ਕੁਝ ਤਾਂ ਕਮਾਵੇ
ਬਾਲਾਂ ਨੂੰ ਇਕ ਇਕ ਰੋਟੀ ਦੇ ਦੇ
ਬੱਚਿਆਂ ਦੀ ਮਾਂ ਨੂੰ ਉਹ ਸਮਝਾਵੇ।
ਭੁੱਲ ਗਈ ਨਜ਼ਮ ਲਿਖਣੀ
ਉਹਨਾਂ ਮਾਵਾਂ ਬਾਰੇ
ਗੋਦੀ ਚੁੱਕੀ ਨਿੱਕਾ ਬਾਲ
ਘਰ ਘਰ ਜਾਂਦੀਆਂ
ਬਾਈ ਅਖਵਾਉਂਦੀਆਂ
ਭਾਂਡੇ ਮਾਂਜਦੀਆਂ
ਜੂਠ ਲਿਜਾਂਦੀਆਂ
ਸਫ਼ਾਈ ਕਰਦੀਆਂ
ਉਤਾਰ ਪਾਉਂਦੀਆਂ
ਘੱਟੇ ਵਿਚ ਰੁਲਦਾ
ਬਾਲ ਵਰਾਉਂਦੀਆਂ
ਸੱਖਣੀਆਂ ਛਾਤੀਆਂ
ਮੂੰਹ ਵਿਚ ਪਾਉਂਦੀਆਂ
ਮਾਂ ਦੇ ਦੁੱਧ ਦਾ
ਕਰਜ਼ ਚੁਕਾਉਦੀਆਂ
ਸ਼ਰਾਬੀ ਖਾਵੰਦ ਕੋਲੋਂ
ਹੱਡੀਆਂ ਕੁਟਵਾਉਂਦੀਆਂ
ਜਿਸਮ ਹੰਢਾਉਦੀਆਂ
ਰੂਹ ਨੂੰ ਝੁਗੀ ਵਿਚੋਂ
ਬਾਹਰ ਘੱਲ ਕੇ
ਦੁਖਦੇ ਜਿਸਮਾਂ ਨਾਲ
ਨੀਂਦ ਦਾ ਜਸ਼ਨ ਮਨਾਉਂਦੀਆਂ।
ਯਾਦ ਆਇਆ,
ਰੋਜ਼ ਅਜਿਹੀਆਂ ਖ਼ਬਰਾਂ ਛਪਦੀਆਂ
ਨਸ਼ਰ ਹੁੰਦੀਆਂ
ਮਜ਼ਦੂਰਾਂ, ਮਜ਼ਲੂਮਾਂ ਦੇ ਹੱਕ ਵਿਚ
ਰਚਨਾਵਾਂ ਰਚਦੀਆਂ
ਵਿਸ਼ੇਸ਼ ਅੰਕਾਂ ਦਾ
ਸ਼ਿੰਗਾਰ ਬਣਦੀਆਂ
ਪੱਤਰਕਾਰ ਤੇ ਲੇਖਕ
ਸਭਾਵਾਂ ਸਜਾਉਂਦੇ

ਗ਼ਰੀਬੀ ਰੇਖਾ ਤੋਂ ਹੇਠਲੇ
ਲੋਕਾਂ ਦੀਆਂ ਸਮੱਸਿਆਵਾਂ 'ਤੇ
ਲੇਖ ਲਿਖਵਾਉਂਦੇ
ਮਹਿਫਲਾਂ ਗਰਮਾਉਂਦੇ
ਬਹਿਸਾਂ ਕਰਦੇ, ਦਲੀਲਾਂ ਦੇਂਦੇ
ਵਿਸਕੀ ਪੀਂਦੇ, ਲੜਦੇ
ਕਲੱਬਾਂ ਵਿਚ ਮਜਲਸਾਂ ਲਾਉਂਦੇ
ਖ਼ਬਰੀਆਂ ਨਾਲ ਸੀਰੀ ਪਾਉਂਦੇ
ਅਫਵਾਹਾਂ ਤੇ ਯਕੀਨ ਕਰਦੇ
ਛਪਣ ਵਾਲੀ ਖ਼ਬਰ ਦਾ
ਖਾਕਾ ਬਣਾਉਂਦੇ
ਘਰ ਵਲ ਜਾਂਦੇ
ਖ਼ੁਸ਼ਫਹਿਮੀ ਵਿਚ ਸੋਚਦੇ,
ਸੰਸਾਰ ਵਿਚੋਂ
ਗ਼ਰੀਬੀ ਮੁਕਾਉਣੀ
ਬੇਰੁਜ਼ਗਾਰੀ ਮਿਟਾਉਣੀ
ਸਾਖ਼ਰਤਾ ਲਿਆਉਣੀ
ਜੰਗ ਤੋਂ ਅਮਨ ਤਕ
ਆਤੰਕ ਤੋਂ ਅਨੰਤ ਤਕ
ਸੜਕ ਬਣਾਉਣੀ ਉਹ ਜਾਣਦੇ,
ਸ਼ਬਦਾਂ, ਖਿਆਲਾਂ, ਸੋਚਾਂ
ਦੇ ਮਾਹਰ
ਅੱਧੀ ਰਾਤ ਘਰ ਪਰਤਦੇ
ਸੁੱਤੀ ਬੀਵੀ ਉਠਾਉਂਦੇ
ਬੱਚਿਆਂ ਨੂੰ ਪਰਚਾਉਂਦੇ
ਸੌਂ ਜਾਂਦੇ .....
ਸੁੱਤਿਆਂ ਦਾਨਸ਼ਵਰਾਂ ਨੂੰ
ਕੌਣ ਜਗਾਏਗਾ
ਘਰ ਘਰ ਤਾਈਂ
ਅਮਨ ਦਾ ਸੁਨੇਹਾ
ਕੌਣ ਪੁਚਾਏਗਾ
ਹਰ ਪਲ ਤੈਨੂੰ ਸੋਚਦੀ
ਇਹਨਾਂ ਵਿਸ਼ਿਆਂ ਤੇ
ਨਜ਼ਮ ਲਿਖਣੀ ਭੁੱਲ ਗਈ।

–ਮਈ 2001

## ਸਭ ਕੁਝ ਚੰਗਾ

ਕਿਧਰੇ ਬੈਠਾ 'ਬੋਥਾ'*
ਨਿਰਾ ਹੀ ਧੋਖਾ
ਦਿਲ ਦਾ ਖੋਟਾ
ਕਾਲੇ ਸ਼ਹਿਰ ਉਸਾਰੇ
ਚਿੱਟੇ ਰੰਗ ਦੇ ਅਭਿਮਾਨ ਦੀਆਂ
ਇੱਟਾਂ ਲਾਈਆਂ
ਰੰਗਾਂ ਦੀ ਚਾਰ ਦੀਵਾਰੀ
ਵਿੱਦਿਆ ਉਸ ਵਿਚ ਕੈਦ ਵਿਚਾਰੀ,
ਜਨਤਕ ਥਾਵਾਂ
ਆਵਾਜਾਈ ਦੇ ਸਾਧਨ ਵੀ
ਕਾਲੇ-ਚਿੱਟੇ ਫ਼ੁਰਮਾਨ ਲਿਖ ਕੇ
ਵੰਡੇ ਉਸਨੇ
ਕਤਲ ਕਰਾਏ
ਨਿੱਕੇ ਬਾਲ ਜੁ
ਪੜ੍ਹਨ ਸਕੂਲੇ
ਖ਼ੂਨ ਦੇ ਹੰਝੂ
ਰੋਂਦੀਆਂ ਮਾਵਾਂ
ਗੂੰਗੇ ਹੋ ਗਏ ਪਿਤਾ
ਬੱਚਿਆਂ ਦੇ
ਐਮਰਜੰਸੀ ਲਾਈ-
ਸਾਊਥ ਅਫਰੀਕਾ
ਕੀਤਾ ਘੁੱਪ ਹਨੇਰਾ
ਸੈਂਸਰ ਬਥੇਰਾ
ਜਾ ਨਾ ਸਕੇ
ਵੇਖ ਨਾ ਸਕੇ
ਦਸ ਨਾ ਸਕੇ
ਮੀਡੀਆ-ਦੂਜੇ ਦੇਸਾਂ ਤਾਈਂ

ਉਥੋਂ ਦੇ ਹਾਲਾਤ
ਜਿਹੜੇ ਮਾਨਵਤਾ ਦੇ ਸਾਕਦਾਰ
ਅਹਿੰਸਾ ਦੇ ਫਰਮਾਬਰਦਾਰ,
ਸੱਚ ਨਾ ਵੇਖੋ
ਸੱਚ ਨਾ ਆਖੋ
ਸੱਚ ਲਿਖਣ ਨਾ
ਕਲਮਾਂ ਵਾਲੇ
ਜਾਗ ਪੈਣਗੇ
ਬਗਾਵਤ ਕਰਨਗੇ
ਆਲੇ ਭੋਲੇ ਲੋਕ
ਵਿਚਾਰੇ ਲੋਕ
ਧਰਮ-ਰੰਗ ਨਾ ਰੁਸ਼ਨਾਉ
ਹੱਕਾਂ ਤਾਈਂ ਨਾ ਸਮਝਾਉ
'ਸਭ ਕੁਝ ਚੰਗਾ-
ਠੀਕ ਠਾਕ ਹੈ,'
ਹਰ ਥਾਂ ਬੈਠਾ ਧੋਖਾ
ਬੋਥਾ-ਦਿਲ ਦਾ ਖੋਟਾ
ਧਰਮ ਤੇ ਰੰਗਾਂ ਵਿਚ ਵੰਡ ਕੇ
ਇਨਸਾਨੀਅਤ ਨੂੰ ਹੌਲੀ ਹੌਲੀ
ਜ਼ਿਬਹ ਕਰਕੇ
ਮਾਨਵਤਾ ਦੇ ਲਹੂ ਵਿਚ
ਜਿਸ ਨੇ ਮੂੰਹ ਧੋਤਾ।

-ਜੂਨ 1984

ਇਹ ਨਜ਼ਮ ਸਾਲ 1984 ਵਿਚ ਐਮਨੈਸਟੀ ਇੰਟਰਨੈਸ਼ਨਲ, ਅਮਸਟਰਡਮ ਦੇ ਪ੍ਰੋਗਰਾਮ ਵਿਚ ਸ਼ਾਮਲ ਕੀਤੀ ਗਈ।

*ਬੋਥਾ-ਪੂਰਾ ਨਾਮ Pieter Willem Botha, ਜੋ ਸਾਊਥ ਅਫ਼ਰੀਕਾ ਦੇ ਆਜ਼ਾਦ ਹੋਣ ਤੋਂ ਪਹਿਲਾਂ ਇਸ ਦੇਸ ਦੇ ਪ੍ਰਧਾਨ ਮੰਤਰੀ ਅਤੇ ਸਟੇਟ ਪ੍ਰੈਜ਼ੀਡੈਂਟ ਦੇ ਅਹੁਦਿਆਂ ਉਤੇ ਰਿਹਾ।

## ਨੈਲਸਨ ਮੰਡੇਲਾ

ਜ਼ਿੰਦਗੀ ਜਿਉਣੀ
ਆਜ਼ਾਦੀ ਪਾਉਣੀ
ਸਾਹ ਲੈਣ ਵਾਂਗ
ਹਰ ਕਿਸੇ ਲਈ ਜ਼ਰੂਰੀ
ਮਾਅਨੇ ਇਸਦੇ ਤੂੰ
ਆਪਣੇ ਸਿਆਹ ਰੰਗ ਨਾਲ
ਸਫੈਦ ਹਕੂਮਤ ਦੇ
ਸੰਵਿਧਾਨ ਵਿਚ ਲਿਖ ਗਿਆ
ਇਹ ਤੇਰਾ ਸੀ ਸਮਰਪਣ
ਲੋਕਾਂ ਪ੍ਰਤੀ
ਇਹ ਤੇਰਾ ਸੀ ਅਹਿਦ
ਆਪਣੇ ਆਪ ਨਾਲ
ਇਕ ਕਰਾਮਾਤ
ਇਕ ਜਲੌਅ
ਅੱਖਾਂ ਵਿਚ ਜਗਦੀ ਮੁਸਕਾਨ
ਹਰ ਪਾਸੇ ਜਲਵਾਗਰ
ਜਦ ਤੈਨੂੰ ਅਮਸਟਰਡਮ ਵਿਚ ਮਿਲੀ
ਵਕਤ ਜਿਵੇਂ ਠਹਿਰ ਗਿਆ
ਸਕੂਨ ਸ਼ਾਂਤੀ ਤੇ ਖ਼ਾਮੋਸ਼ੀ
ਫਿਰ ਰੌਸ਼ਨ ਆਵਾਜ਼ ਸੁਣੀ
ਸਤਾਈ ਸਾਲ ਜ਼ਿੰਦਗੀ ਦੇ
ਜੇਲ੍ਹ ਦੇ ਸਰਦ ਹਨੇਰਿਆਂ ਵਿਚ
ਕਾਲੀਆਂ ਰਾਤਾਂ ਦੇ ਹਮਰਾਹ
ਚਾਨਣ ਦਾ ਇੰਤਜ਼ਾਰ
ਪੁਰਖਿਆਂ ਦੀ ਹਰਿਆਲੇ-ਜੰਗਲ
ਵਿਚੋਂ ਸੁਣ ਰਹੀ ਵੰਗਾਰ
ਹੱਕ ਲਈ ਜਦੋਜਹਿਦ

ਸਿਸਕੀਆਂ ਤੇ ਚੀਖ਼ਾਂ
ਹੌਕਿਆਂ ਭਰੀ ਬੇਬਸੀ
ਜ਼ੰਜੀਰਾਂ ਦੀ ਝਣਕਾਰ
ਕੋਈ ਆਖ ਰਿਹਾ
ਬੁਲੰਦ ਆਵਾਜ਼
ਕੁੰਟਾ ਕਿੰਟੇ*-ਮੇਰਾ ਨਾਮ
ਵਾਪਸ ਕਰੋ
ਮੇਰਾ ਦੇਸ
ਮੇਰੀ ਧਰਤੀ
ਮੇਰੇ ਖੇਤ
ਸ਼ਹਿਰ ਤੇ ਗਿਰਾਂ
ਮੇਰਾ ਜੰਗਲ
ਨਾ ਕਰੋ ਮੇਰਾ ਸ਼ਿਕਾਰ
ਵਾਪਸ ਕਰੋ
ਮੇਰਾ ਵਜੂਦ
ਲੋਕ-ਹੱਕਾਂ ਲਈ
ਸੰਘਰਸ਼ ਕਰਦਾ
ਨੈਲਸਨ ਮੰਡੇਲਾ
ਵਕਤ ਦੇ ਸਫ਼ਿਆਂ ਉਤੇ
ਇਨਕਲਾਬ
ਸਵਰਾਜ ਦੇ
ਸ਼ਿਲਾਲੇਖ ਲਿਖਦਾ
ਦਸਤਾਵੇਜ਼,
ਸ਼ਨਾਖ਼ਤ-ਆਜ਼ਾਦੀ ਦੀ
ਇਤਿਹਾਸ ਨੂੰ ਸੰਭਾਲ ਕੇ
ਤੂੰ ਮਸੀਹਾ ਬਣ ਗਿਆ।

-ਦਸੰਬਰ 2013

*ਕੁੰਟਾ ਕਿੰਟੇ 1750 ਵਿਚ ਵੈਸਟ ਅਫਰੀਕਾ ਦੇ ਦੇਸ਼ ਗਾਂਬੀਆ ਵਿਚ ਪੈਦਾ ਹੋਇਆ ਸੀ, ਜਿਸਨੂੰ ਗੁਲਾਮ ਬਣਾ ਕੇ ਅਮਰੀਕਾ ਵਿਚ ਵੇਚਿਆ ਗਿਆ। ਏਥੇ ਆਜ਼ਾਦੀ ਲਈ ਸੰਘਰਸ਼ ਦੇ ਪ੍ਰਤੀਕ ਵਜੋਂ ਵਰਤਿਆ ਹੈ।

# ਧਨੁੱਖਧਾਰੀ ਸਮਰਾਟ

ਇਕਲਵਯ ਇਕੱਲਾ
ਨਹੀਂ ਸੀ
ਉਸਦੇ ਨਾਲ
ਜੰਗਲ ਵਾਸੀ ਸਨ
ਸੰਗੀ ਸਾਥੀ ਸਨ
ਰੁੱਖਾਂ ਵਿਚੋਂ ਗੁਜ਼ਰਦੀ
ਪੌਣ
ਉਹਦੀ ਤੀਰ-ਅੰਦਾਜ਼ੀ ਦੀ
ਨਿਸ਼ਾਨਦੇਹੀ  ਕਰਦੀ
ਇਕਲਵਯ ਨੂੰ ਛੋਹ ਕੇ
ਪਰਬਤ ਦੇ ਮੱਥੇ 'ਤੇ
ਬੋਸਾ ਧਰਦੀ
ਬਿਜਲੀ ਨੂੰ ਵਿੰਨ੍ਹਦੀ
ਉਹਦੇ ਤੀਰਾਂ ਦੀ ਸ਼ੋਖੀ
ਅਕਾਸ਼ ਵਿਚ ਭਾਉਂਦੇ
ਕਾਲੇ ਬੱਦਲਾਂ ਦੀ
ਰਾਹਨੁਮਾ ਬਣਦੀ
ਪੰਛੀ-ਪੰਖੇਰੂ-ਜਨੌਰ
ਉਹਦੀ ਪਨਾਹ ਵਿਚ
ਸੁਖੀ ਵੱਸਦੇ
ਗਾਉਂਦੇ ਨੱਸਦੇ
ਉਹਦੇ ਤੀਰ ਉਹਨਾਂ ਦੀ
ਰਾਖੀ ਕਰਦੇ,
ਇਕਲਵਯ ਇਕੱਲਾ
ਨਹੀਂ ਸੀ
ਉਹਦੇ ਸੰਗ
ਮਗਧ ਦੇ ਬਾਸ਼ਿੰਦੇ ਸਨ

ਉਸਨੂੰ ਆਖਦੇ
ਸਮਰਾਟ ਧਨੁੱਖਧਾਰੀ
ਮਾਣ ਕਰਦੇ,
ਇਕਲਵਯ ਦਾ
ਅਹਿਸਾਨ ਹੈ ਇਹ
ਸੱਜੇ ਹੱਥ ਦਾ ਅੰਗੂਠਾ
ਦਰੋਣ ਅਚਾਰੀਆ ਨੂੰ ਕੀਤਾ
ਗੁਰੂ ਦਕਸ਼ਣਾ ਵਿਚ ਅਰਪਿਤ
ਜਿਸ ਕਾਰਨ
ਅਰਜਨ ਅੱਜ ਵੀ ਜਿਉਂਦਾ
ਧਨੁੱਖਧਾਰੀ ਅਖਵਾਉਂਦਾ।

– ਅਪ੍ਰੈਲ 2014

# ਰੋਲ ਮੌਡਲ ਅਤੇ ਸ਼ੋਹਰਤ

**1**

ਮਲਿਕਾ ਫਿਲਮਾਂ ਵਾਲੀ
ਸੱਤ ਮਿੰਟ ਦਾ ਨਾਚ ਕਰਨ ਲਈ
ਕਰੋੜ ਰੁਪਿਆ ਵਸੂਲ ਪਾਵੇ।
ਸਾਖੀ ਵੰਤ ਨੂੰ ਸ਼ਰੇਆਮ
ਸੀਤਾ ਦੇਂਦਾ ਚੁੰਮਣ
ਉਹ ਰੌਲਾ ਪਾਉਂਦੀ
ਪ੍ਰੈੱਸ ਬੁਲਾਉਂਦੀ
ਖ਼ਬਰ ਧੁੰਮਾਉਂਦੀ
ਕਿਸੇ ਨੂੰ ਵੀ
ਲਾਜ ਨਾ ਆਉਂਦੀ,
ਬੱਚਿਆਂ, ਬਜ਼ੁਰਗਾਂ ਦੀਆਂ
ਸੰਸਥਾਵਾਂ ਦਾ ਉਦਘਾਟਨ ਕਰਕੇ
ਉਹਨਾਂ ਦਾ ਕਰਦੀ ਮੰਨੋਰੰਜਨ
ਰੋਲ-ਮੌਡਲ ਕਹਾਉਂਦੀ।
ਸ਼ਿਰਪਾ ਕੈਂਡੀ
ਵੱਡੇ ਭਰਾ ਦੇ ਟੀ.ਵੀ. ਸ਼ੋ ਵਿਚ
ਜੇਮ ਗੁਡੀ ਦੇ ਵਿਅੰਗ ਬਾਣ ਸਹਿੰਦੀ
ਚੁੱਪ ਰਹਿੰਦੀ
ਮਸ਼ਹੂਰੀ ਪਾਉਂਦੀ
ਸ਼ੋ ਜਿੱਤਣ ਦਾ ਜਸ਼ਨ ਮਨਾਉਂਦੀ
ਹੌਲੀਵੁੱਡ ਐਕਟਰ ਚੁੰਮੀ ਦੇਂਦਾ
ਚੁੰਮੀ ਲੈਂਦੀ-
ਜੱਫੀ ਪਾਉਂਦੀ
ਸਟੇਜ 'ਤੇ ਖਲੋ ਕੇ ਮੁਸਕਰਾਉਂਦੀ
ਪਬਲਿਕ ਵਲ ਹੱਥ ਹਿਲਾਉਂਦੀ
ਸ਼ਰਮ ਨਾ ਆਉਂਦੀ

ਹਰ ਮੁਸਕਾਨ ਦੀ ਕੀਮਤ ਵਸੂਲਦੀ
ਸ਼ੋਹਰਤ ਪਾਉਂਦੀ
ਰੋਲ-ਮੌਡਲ ਅਖਵਾਉਂਦੀ।

2

ਸ਼ੋਹਰਤ ਭਏ ਦੀਵਾਨੇ ਲੋਕ
ਉਸਦੇ ਬਣੇ ਪਰਵਾਨੇ ਲੋਕ
ਇਸ ਲਈ ਉਹ-
ਹਰ ਥਾਂ ਛਾ ਗਈ
ਦਿਲਾਂ ਨੂੰ ਭਾ ਗਈ,
ਪਿੰਡਾਂ ਵਿਚ ਫੇਰਾ ਪਾਉਂਦੀ
ਜਵਾਨੀ ਨੂੰ ਵਰਗਲਾਉਂਦੀ
'ਪੀ.ਜ਼ੀ.' ਬੈਠੀ ਉਹ
ਮੁਸਕਰਾਉਂਦੀ
ਆਜ਼ਾਦੀ ਦਾ ਪਾਠ ਪੜ੍ਹਾ ਕੇ
ਰੋਲ-ਮੌਡਲ ਵਿਖਾ ਕੇ
ਆਪਣੀ ਜ਼ਿੰਦਗੀ ਆਪ-
ਜਿਉਣ ਦਾ ਢੰਗ ਸਿਖਾਉਂਦੀ

-2008

# ਹਸ਼ਰ ਹੋਣ ਤੋਂ ਪਹਿਲਾਂ

ਦੁਨੀਆਂ ਦਾ ਸਭ ਤੋਂ
ਮਹਿੰਗਾ ਮਕਾਨ
ਸਤਾਈ ਮੰਜ਼ਿਲਾਂ
ਇਕ ਸੌ ਤਿਹੱਤਰ ਮੀਟਰ ਉੱਚਾ
ਅਧ ਅਸਮਾਨੀ ਰੁਕ ਜਾਵੇ
ਮੁਕੇਸ਼ ਅੰਬਾਨੀ ਦਾ ਘਰ ਕਹਿਲਾਵੇ,
ਚਾਅ ਨਾਲ ਇਸਨੂੰ ਬਣਵਾਇਆ
ਵਸਤੂ-ਸ਼ਾਸਤਰ ਗ੍ਰਹਿਣ ਲਗਾਇਆ
ਗ੍ਰਹਿ-ਪ੍ਰਵੇਸ਼ ਨਿਸ਼ੇਧ ਕੀਤਾ
ਫਿਰ ਵੀ ਇਮਾਰਤ ਨੇ
ਅੰਬਾਨੀ ਦੀ ਸ਼ਾਨ ਵਿਚ
ਵਾਧਾ ਕੀਤਾ।
ਕੌਣ ਜਾਣੇ,
ਵਕਤ ਦੇ ਫੇਰ ਨਾਲ
ਜਦ ਸਦੀਆਂ ਦਹਿਲੀਜ਼ ਟੱਪਦੀਆਂ
ਇਹ ਮਕਾਨ
ਦੁਨੀਆਂ ਦਿਆਂ ਅਜੂਬਿਆਂ ਵਿਚ
ਸ਼ਾਮਲ ਹੋ ਜਾਵੇ
ਤਾਜ-ਅੰਬਾਨੀ ਦਾ
ਰੁਤਬਾ ਪਾਵੇ
ਜਾਂ ਸ਼ਾਇਦ
ਇਹ ਘਰ
ਇਸ ਧਰਤੀ 'ਤੇ
ਬੇਘਰਿਆਂ, ਲੋੜਵੰਦਾਂ ਦਾ
ਰੈਣ-ਬਸੇਰਾ ਬਣ ਜਾਵੇ
ਗ਼ਰੀਬਾਂ ਦਾ ਪਿੰਡ ਅਖਵਾਵੇ
ਵਕਤ ਦੇ ਆਰ ਪਾਰ ਜਿਵੇਂ
ਹਵੇਲੀਆਂ, ਮਹਿਲਾਂ, ਕਿਲ੍ਹਿਆਂ ਦਾ
ਹਸ਼ਰ ਹੋ ਰਿਹਾ
ਭਾਰਤ ਵਿਚ-
ਹਸ਼ਰ ਹੋਣ ਤੋਂ ਪਹਿਲਾਂ.....।

-ਨਵੰਬਰ 2009

# ਫਿਰ ਸੋਚਾਂਗੇ

ਉਹ ਸ਼ਬਦਾਂ ਦੀਆਂ
ਖਜੂਰਾਂ ਵੇਚਦੇ
ਰੁੱਤ ਦਾ ਮਿੱਠਾ ਮੇਵਾ
ਖਾਣ ਵਾਲੇ
ਨਪੁੰਸਕ ਬਣ ਗਏ
ਲੰਕਾ ਹਾਰ ਕੇ
ਕਹਿਣ ਲੱਗੇ,
ਅਸਾਂ ਰਾਵਣ ਦਾ
ਇਕ ਸਿਰ ਵੱਢਿਆ
ਚਟਾਨ ਦੇ ਪਿਛੇ ਲੁਕਾਇਆ
ਕਿਸੇ ਭੇਤ ਨਾ ਪਾਇਆ
ਬਾਕੀ ਨੌਂ ਸਿਰਾਂ ਨੂੰ
ਕਲਮ ਕਰਨ ਬਾਰੇ
ਫਿਰ ਸੋਚਾਂਗੇ।

–ਅਗਸਤ 2007

## ਨੀਰੋ ਦਾ ਮਖੌਟਾ

ਹਰ ਪਾਸੇ ਬੰਸਰੀਆਂ ਦਾ
ਸ਼ੋਰ ਹੈ
ਮਖੌਟੇ ਪਾ ਕੇ ਸਾਰੇ
ਨੀਰੋ ਬਣ ਗਏ
ਮਹਿਲਾਂ ਨੂੰ ਅੱਗ ਲੱਗੀ
ਸ਼ਹਿਰ ਬਲ ਰਹੇ
ਉਹ ਬੰਸਰੀਆਂ ਵਜਾ ਰਹੇ....।

–ਮਈ 2004

## ਨਿਰੰਤਰ ਡਰ ਜਿਊਂਦੀ ਔਰਤ-1

ਔਰਤ ਕੇਵਲ ਜਿਸਮ ਹੁੰਦੀ
ਰੂਹ ਸਮਾਜ ਕੋਲ
ਗਿਰਵੀ ਰੱਖਦੀ
ਜਦ ਧਰਤੀ 'ਤੇ ਆਉਂਦੀ
ਸਵਾਲਾਂ ਦੀ ਜੂਨ ਹੰਢਾਉਂਦੀ
ਰਾਜਧਾਨੀ ਵਿਚ ਉਹ ਚਾਹੇ
ਵੱਸਦੀ ਜਾਂ ਕਿਸੇ ਪਿੰਡ ਦੀ
ਧੀਅ ਧਿਆਣੀ-ਬੜੀ ਅੰਞਾਣੀ
ਕੌਣ ਬਣ ਜਾਵੇ
ਕਦੋਂ ਕਹਾਣੀ
ਉਹ ਨਾ ਹੈ ਮਹਿਫ਼ੂਜ਼ ਵੇ ਲੋਕਾ
ਬੱਸਾਂ-ਰੇਲਾਂ-ਚੌਰਾਹਿਆਂ
ਵਿਚ ਤੁਰਦੀ
ਨਿਰੰਤਰ ਡਰ ਆਪਣੇ ਅੰਦਰ
ਜਿਉਂਦੀ
ਹਰ ਪਲ ਮਰਦੀ,
ਕਰਦੀ ਜਦ ਇਨਕਾਰ
ਤੇਜ਼ਾਬ ਨਾਲ ਹੁੰਦਾ ਵਾਰ
ਜਿਸਮ ਸੜਿਆ ਤੇ ਝੁਲਸਿਆ
ਰੀਝਾਂ ਕਰਨ ਪਰਵਾਸ
'ਨਿਰਭੈ' ਜਿਉਣਾ ਜੋ ਚਾਹੇ
ਬੱਸ ਵਿਚ ਉਹਦੀ ਅਸਮਤ ਲੁੱਟਦੀ
ਦਿੱਲੀ ਜਾਗਦੀ
ਬੱਸ ਸੀ ਚਲਦੀ
ਦਰਿੰਦਿਆਂ ਉਸਨੂੰ ਲੁੱਟਿਆ
ਜ਼ੁਲਮ ਕੀਤਾ ਮਨਚਾਹਿਆ
ਪੋਰ ਪੋਰ ਉਹਦਾ ਜ਼ਖ਼ਮੀ

ਮੌਤ ਨਾਲ ਲੜਦੀ ਰਹੀ ਸ਼ੇਰਨੀ
ਉਸਨੇ ਜਿਉਣਾ ਚਾਹਿਆ
ਜੀਵਨ ਰਾਸ ਨਾ ਆਇਆ
ਕਰਜ਼ਾਈ ਮਾਪੇ
ਕਰਜ਼ਾਈ ਸੁਪਨੇ
ਕਰਜ਼ਾਈ ਹਕੀਕਤ ਨੂੰ ਕਰਕੇ
ਅਲਵਿਦਾ ਆਖੀ ਜ਼ਿੰਦਗੀ ਤਾਈਂ
ਮੌਤ ਦੀ ਉਂਗਲੀ ਫੜਕੇ
ਵਾਂਗ ਬਾਲੜੀ ਤੁਰ ਪਈ,
ਮੈਨੂੰ ਮਾਫ਼ ਕਰ ਦਿਉ ਲੋਕੋ
ਮੈਂ ਔਰਤ ਜੂਨ ਵਿਚ ਆਈ।

–ਦਸੰਬਰ 2012

# ਨਿਰੰਤਰ ਡਰ ਜਿਉਂਦੀ ਔਰਤ-2

(ਬਲਾਤਕਾਰ ਹੋਣ ਪਿੱਛੋਂ ਖ਼ੁਦਕੁਸ਼ੀ ਕਰਨ ਵਾਲੀ ਵੀਰਾਂਗਣਾ ਦੇ ਨਾਮ)

ਮੈਨੂੰ ਮਾਫ਼ ਕਰ ਦਿਉ ਲੋਕੋ
ਮੈਂ ਮੌਤ ਨੂੰ ਦਾਅਵਤ ਦਿੱਤੀ
ਪੰਜਾਬ-ਪੁਰ ਦੀ ਵਾਸੀ
ਬੇਬਸ-ਨਿਤਾਣੀ-ਨਿਮਾਣੀ
ਧੀਅ ਧਿਆਣੀ
ਜਿਸਮ ਮੇਰਾ ਕੋਹਿਆ
ਵਹਿਸ਼ੀਆਂ
ਰੂਹ ਨੂੰ ਦਿਤਾ ਮਾਰ
ਉਹਨਾਂ ਨੂੰ ਸ਼ਰਮ ਨਾ ਕੋਈ
ਸ਼ਰਮਸਾਰ ਮੇਰਾ ਪਰਿਵਾਰ
ਹਾੜ੍ਹੇ ਕੀਤੇ ਸਿਸਟਮ ਤਾਈਂ
ਇਨਸਾਫ਼ ਲਈ ਕੀਤੀ ਪੁਕਾਰ
ਕਿਸੇ ਲਈ ਨਾ ਮੇਰੀ ਸਾਰ।
ਮੇਰੀ ਸ਼ਨਾਖ਼ਤਃ
ਗ਼ਰੀਬੀ
ਜ਼ੁਲਮ-ਸਿਤਮ-
ਨਾਂਹ
ਚੀਕਾਂ-ਹੌਕੇ
ਅੱਥਰੂ
ਸਮਝੌਤਾ ਕਰਨ ਲਈ
ਆਖਦੇ ਉਹ
ਕੀਤਾ ਮੈਂ ਇਨਕਾਰ
ਸੁਪਨੇ ਮੇਰੀਆਂ ਅੱਖਾਂ ਵਿਚ
ਮਰ ਗਏ
ਵਰਤਮਾਨ ਦੀ ਜ਼ਿੰਮੀ ਉਤੇ

ਭਵਿੱਖ ਦੀ ਬਿਸਾਤ ਤੇ
ਹਰ ਗਏ
ਜੀਂਦੇ ਰਹਿਣ ਦੀ ਤਮੰਨਾ
ਰੀਝਾਂ-ਚਾਅ ਅਤੇ ਉਤਸਾਹ
ਕੋਈ ਨਾ ਤੁਰਿਆ ਹਮਰਾਹ
ਅਸੀਂ ਹੋਏ ਜ਼ਲੀਲ
ਪਈ ਵਿਚ ਦਲੀਲ ਤੇ
ਮੌਤ ਨੂੰ ਦਾਅਵਤ ਦਿੱਤੀ,
ਮੈਨੂੰ ਮਾਫ਼ ਕਰ ਦਿਉ ਲੋਕੋ
ਮੈਂ ਔਰਤ ਜੂਨ ਵਿਚ ਆਈ....।

-ਦਸੰਬਰ2012

## ਸ਼ਨਾਖ਼ਤ

ਔਰਤ ਨੂੰ ਕੇਵਲ
ਯੋਨੀ ਨਾ ਸਮਝੀਏ
ਅਸਤਿਤਵ ਉਸਦਾ
ਸਵੀਕਾਰ ਕਰੀਏ
ਲਿੰਗ ਦੀ ਦੁਰਵਰਤੋਂ ਕਰਕੇ
ਸ਼ਿਵ ਨੂੰ
ਕਿਉਂ ਸ਼ਰਮਸਾਰ ਕਰੀਏ
ਇੰਦਰ ਦੇਵ ਨੇ
ਬ੍ਰਹੱਮ-ਪੁਤਰੀ ਅਹੱਲਿਆ ਦੇ
ਇਸਤਰੀਤਵ ਦਾ
ਤ੍ਰਿਸਕਾਰ ਕੀਤਾ
ਗੌਤਮ ਪਤੀ ਉਸ ਨੂੰ
ਪਤਨੀ ਮਾਣ ਦੇਣ ਤੋਂ
ਇਨਕਾਰ ਕੀਤਾ
ਸ਼ਿਵ ਕ੍ਰੋਧਿਤ ਹੋਏ
ਡਮਰੂ ਵਜਾ ਕੇ
ਕਾਇਨਾਤ ਸੰਗ ਰੋਏ
ਮਹਾਂਦੇਵ ਦੇ ਹੰਝੂਆਂ
ਵਿਚ ਨਹਾਈਏ
ਉਹਦੇ ਕ੍ਰੋਧ ਨੂੰ
ਨਮਨ ਕਰੀਏ
ਕਦੀ ਨਾ ਫਿਰ
ਨਿਰਭੈ* ਕਾਂਡ ਦੁਹਰਾਈਏ
ਕਿਉਂ ਐਵੇਂ ਮੋਮਬੱਤੀਆਂ ਜਗਾਈਏ
ਔਰਤ ਨੂੰ ਅਪਣਾਈਏ
ਮਲਕੀਅਤ ਨਾ ਬਣਾਈਏ
ਮਾਣ ਬਖ਼ਸ਼ੀਏ

ਉਹਦੀ ਹੋਂਦ ਦਾ
ਸਤਿਕਾਰ ਕਰੀਏ
ਸਮਰੱਥ-ਸਵੈਅਭਿਮਾਨੀ
ਆਖੀਏ
ਸਹਿਨ ਸ਼ਕਤੀ ਦੇ ਲਕਬ ਤੋਂ
ਔਰਤ ਨੂੰ
ਮੁਕਤ ਕਰੀਏ
ਸ਼ਨਾਖ਼ਤ ਉਹਦੀ ਨੂੰ
ਇੱਜ਼ਤਦਾਰ ਕਰੀਏ!

*ਦਸੰਬਰ 2012, ਦਿੱਲੀ ਵਿਚ ਚਲਦੀ ਬੱਸ ਵਿਚ ਵਾਪਰੇ ਦਰਦਨਾਕ ਬਲਾਤਕਾਰ ਕਾਂਡ ਦੀ ਘਟਨਾ ਗ੍ਰਸਤ ਯੁਵਤੀ ਵਾਸਤੇ 'ਨਿਰਭੈ' ਸ਼ਬਦ ਵਰਤਿਆ ਗਿਆ।

# ਰੰਗ ਮੰਗਣ ਜਵਾਬ

ਰੰਗਾਂ ਦੇ ਭੇਤ ਨਾ ਜਾਣਦੇ
ਕੁਦਰਤ ਨੂੰ ਉਹ ਕੀ ਪਛਾਣਦੇ
ਰੰਗਾਂ ਦੇ ਨਾਮ 'ਤੇ
ਕਤਲ ਉਹ ਕਰਦੇ
ਅਮੀਰ, ਗ਼ਰੀਬ
ਜਾਤ, ਕੁਜਾਤ
ਉੱਚੀ ਜ਼ਾਤ
ਬੜਾ ਅਭਿਮਾਨ
ਸਭ ਬੇਈਮਾਨ
ਕਤਲ ਜਦ ਹੁੰਦਾ
ਚੀਖ਼ ਗੂੰਜਦੀ
ਹੂਕ ਨਿਕਲਦੀ
ਸਵਾਲ ਕਰਦੇ ਰੰਗ
ਜਵਾਬ ਉਹ ਦੇ ਨਾ ਸਕਦੇ,
ਰੰਗਾਂ ਦੇ ਨਾਮ 'ਤੇ
ਕਤਲ ਜੋ ਕਰਦੇ।

–ਜਨਵਰੀ 2005

# ਸਾਨੂੰ ਕੀ

ਮਲਟੀਨੈਸ਼ਨਲ ਤੁਸੀਂ
ਖ਼ੁਸ਼ੀ ਨਾਲ ਆਉ
ਆਪਣੀਆਂ ਫਰਮਾਂ ਏਥੇ ਲਾਉ
ਬਣੋ ਭਾਰਤ ਭਾਗ ਵਿਧਾਤਾ
ਗਲੋਬਲ ਸਮਾਨ ਬਣਾਉ
ਮਾਲ ਏਥੇ ਵਿਕਵਾ ਕੇ
ਧੰਨ ਆਪਣੇ ਦੇਸ ਲੈ ਜਾਉ।
ਅਧੁਨਿਕ ਯੁੱਗ ਦੇ ਵਾਸੀ
ਅਧੁਨਿਕ ਧੀਆਂ ਪੁੱਤਰ
ਅਧੁਨਿਕ ਮਾਪੇ
ਗਲੋਬਲ ਸਭਿਅਤਾ ਦੇ ਜਾਏ
ਨੂਡਲਜ਼ ਤੇ ਹਮਬਰਗਰ
ਪੀਜ਼ਾ ਤੇ ਲੋਸਾਂਯਾ
ਚਿਲੀ ਕੋਨਕਰਨੇ ਤੇ ਟੋਰਟਿਲਾ
ਰਾਜਮਾਂਹ ਦਾ ਸਵਾਦ ਛੱਡਕੇ
ਇਹ ਖਾਣੇ ਤੁਸੀਂ ਅਪਨਾਉ,
ਡਰੌਟ ਬੀਅਰ ਪਿਆਸ ਬੁਝਾਉਂਦੀ
ਲਿੱਕਰ, ਬਰਾਂਡੀ, ਵਿਸਕੀ ਨਾਲ
ਵਾਈਨ ਪੀਣ ਦੀ ਆਦਤ ਪਾਉ।
ਨਵੇਂ ਯੁਗ ਵਿਚ ਆਉ
'ਮਨੀ' ਦੀ ਸੁਨਿਹਰੀ ਚਮਕ ਵਿਖਾ ਕੇ
ਭਾਰਤ ਦੀ ਜਨਤਾ ਮਗਰ ਲਾ ਕੇ
ਇਸ਼ਤਿਹਾਰਾਂ ਨਾਲ ਭਰਮਾਉ,
ਜ਼ਿੰਦਗੀ ਮਿਲਦੀ ਇਕੋ ਵੇਰਾਂ
ਹਰ ਕੋਈ ਆਪਣਾ ਆਪੇ ਮਾਲਕ
ਨਿੱਜ ਸਜਾਉ
ਮਨ ਲੁਭਾਉ
ਬੁੱਲੇ ਲੁਟੋ
ਐਸ਼ ਕਰੋ
ਜ਼ਿੰਦਗੀ ਮਾਣੋ
ਆਜ਼ਾਦੀ.....?
ਦਾ ਭੇਤ ਤੁਸੀਂ ਜਾਣੋ!

-ਜੂਨ 2010

# ਮੁਸਕਾਨ ਕਿੱਡਨੈਪ ਹੋ ਗਈ

ਮੁਸਕਾਨ ਆਪਣਾ ਪਤਾ
ਲੱਭ ਰਹੀ ਹੈ
ਟੀ.ਵੀ. ਪ੍ਰੀਜ਼ੈਂਟਰ ਜਦ
ਦਿੱਲੀ-ਦਹਿਸ਼ਤ ਅਤੇ
ਬਲਾਤਕਾਰੀਆਂ ਬਾਰੇ
ਮੁਸਕਰਾ ਕੇ ਖ਼ਬਰਾਂ ਸੁਣਾਉਂਦੀ ਹੈ
ਦੁਨੀਆਂ ਵਿਚ ਵਾਪਰੇ
ਹਾਦਸਿਆਂ
ਕਾਲ-ਗਰੱਸਤ ਲੋਕਾਂ ਦੀ
ਭੁੱਖ ਨਾਲ ਮੁਸਕਰਾ ਕੇ
ਰੂਬਰੂ ਕਰਵਾਉਂਦੀ ਹੈ-ਤਦ
ਮੁਸਕਾਨ ਹੈਰਾਨ ਹੋ ਕੇ
ਆਲੇ ਦੁਆਲੇ ਵੇਖਦੀ ਹੈ,
ਕਮਰੇ ਵਿਚ ਟੀ.ਵੀ. ਵੇਖਦੇ
ਰਿਸ਼ਤੇ ਇਕ ਦੂਜੇ ਨਾਲ ਨਜ਼ਰਾਂ ਮਿਲਾ
ਮੁਸਕਰਾਉਂਦੇ ਹਨ,
ਸੜਕਾਂ ਉਤੇ ਮਿਲਦੇ ਅਜਨਬੀ
ਮੁਸਕਰਾ ਕੇ ਘਬਰਾਈ ਭੀੜ ਨੂੰ
ਵੇਖਦੇ ਹਨ
ਦਫ਼ਤਰਾਂ ਦਾ ਸਟਰੈੱਸ ਲਈ ਜੋ
ਘਰਾਂ ਵਲ ਦੌੜ ਰਹੀ ਹੈ,
ਸਕੂਲ ਦੇ ਬਸਤਿਆਂ ਦਾ
ਬੋਝ ਚੁਕੀ ਬੱਚੇ
ਘਰ ਪਰਤਦੇ ਹਨ
ਮਾਂ ਮੁਸਕਰਾਉਂਦੀ ਹੈ
ਹੋਮ ਵਰਕ ਕਰਵਾਉਣ ਵੇਲੇ
ਛਟਪਟਾਉਂਦੀ ਹੈ,
ਮਸਤ ਖ਼ੁਸ਼ਦਿਲ ਨੌਜਵਾਨ
ਮਹਿੰਗੇ ਮੋਬਾਇਲ ਫੋਨ ’ਤੇ

ਰੇਵ ਪਾਰਟੀਆਂ ਫਿਕਸ ਕਰਨ ਵਾਸਤੇ
ਬਰੈਂਡਿਡ ਕੱਪੜਿਆਂ ਅਤੇ
ਨਸ਼ੇ ਦਾ ਜੁਗਾੜ ਕਰਨ ਵਾਸਤੇ
ਘਸੀਆਂ ਜੀਨਾਂ ਅਤੇ ਜੈਕਟਾਂ ਪਾਈ
ਚੋਰੀ ਦੀਆਂ ਕਾਰਾਂ,
ਸ਼ਰੀਫ਼ਜ਼ਾਦੇ ਬਣ ਕੇ
ਹਾਈ-ਵੇ ਉਤੇ ਭਜਾਉਂਦੇ
ਸਾਥੀ ਕੁੜੀ ਦੀ ਮੁਸਕਰਾਹਟ ਦਾ
ਫਾਇਦਾ ਉਠਾਉਂਦੇ
ਲਿਫ਼ਟ ਦੇ ਬਹਾਨੇ
ਬਲੈਕ ਵਿਚ ਖ਼ਰੀਦੇ ਹਥਿਆਰ ਵਿਖਾ
ਮੁਸਾਫ਼ਰਾਂ ਨੂੰ ਲੁੱਟਦੇ,
ਮੁਸਕਾਨ ਬੇਬਸ ਇਧਰ ਉਧਰ
ਸਹਾਇਤਾ ਲਈ ਵੇਖਦੀ ਹੈ,
ਗੁਆਂਢੀ, ਹਮਸਾਏ, ਮਾਂ-ਪਿਉ ਜਾਏ
ਮੁਸਕਰਾ ਕੇ ਗੁਆਂਢੀਆਂ ਦੇ ਬੱਚਿਆਂ ਨੂੰ
ਵਰਗਲਾਉਂਦੇ ਹਨ
ਫਿਰੌਤੀ ਲਈ-ਕਿੱਡਨੈਪ ਕਰਵਾਉਂਦੇ ਹਨ
ਮੁਸਕਾਨ ਰੋਂਦੀ ਹੈ
ਉਸਨੂੰ ਸਮਝ ਆਉਂਦੀ ਹੈ
ਉਹ ਵੀ ਕਿੱਡਨੈਪ ਹੋ ਗਈ ਹੈ
ਮੁਸਕਾਨ ਹੌਕੇ ਭਰਦੀ ਆਖਦੀ ਹੈ,
ਮੈਨੂੰ ਮੇਰੇ ਘਰ ਦਾ ਪਤਾ ਦਸੋ
ਸੁੱਚੇ ਹੋਠਾਂ ਦਾ
ਸੱਚੇ ਦਿਲ ਦਾ
ਮਾਸੂਮ ਮਨੁੱਖ ਦਾ।

-ਜਨਵਰੀ 2013

## ਹੱਕ-ਸੱਚ ਲਈ

ਕੁੜੀਆਂ ਨੇ ਮਾਰ ਖਾਧੀ*
ਪੁਲਿਸ ਕੋਲੋਂ
ਕਿੰਨਾ ਰੌਲਾ ਮਚਾਇਆ ਏ
ਮੈਨੂੰ ਇਸ ਖ਼ਬਰ ਨੇ
ਕਿੰਨਾ ਹਸਾਇਆ ਏ।
ਇਹ ਤਾਂ ਸਗੋਂ ਚੰਗਾ ਹੈ,
ਹੱਕ ਪਛਾਨਣ ਲੱਗੀਆਂ ਕੁੜੀਆਂ
ਨਹੀਂ ਤਾਂ ਕਈਆਂ ਕੁੜੀਆਂ
ਉਹਨਾਂ ਦੀਆਂ ਮਾਵਾਂ
ਮਾਵਾਂ ਦੀਆਂ ਮਾਵਾਂ ਨੇ
ਮਾਰ ਖਾਧੀ
ਪਤੀਆਂ ਕੋਲੋਂ
ਪਿਤਾ-ਭਰਾਵਾਂ ਤੇ
ਹਮਸਾਇਆਂ ਕੋਲੋਂ
ਧੀਆਂ ਕਤਲ ਕੀਤੀਆਂ
ਮਾਵਾਂ ਦੀਆਂ ਕੁੱਖਾਂ ਵਿਚ
ਜਰਵਾਣਿਆਂ
ਮਰਜਾਣਿਆਂ-ਫਿਰ ਵੀ
ਕੁੜੀਆਂ ਉਤੇ-
ਹੱਕ ਜਤਾਉਂਦੇ ਰਹੇ
ਸਮਾਜ-ਦੋਖੀਆਂ ਦੇ ਕੁਕਰਮ
ਜ਼ਿੰਮੇ ਉਹਨਾਂ ਦੇ ਲਾ ਕੇ
ਫੂਲਨ ਦੇਵੀ ਨੂੰ
ਨੰਗਿਆਂ ਪਿੰਡ ਦੀਆਂ ਗਲੀਆਂ
ਵਿਚ ਘੁਮਾਉਂਦੇ ਰਹੇ।
ਵਿਧਵਾ ਭਾਬੀਆਂ ਅਤੇ ਭੈਣਾਂ ਨੂੰ
'ਕੋਠਿਆਂ 'ਤੇ ਬਿਠਾ

ਰੰਡੀਆਂ’ ਨਾਮ
ਪਕਾਉਂਦੇ ਰਹੇ
ਮੁਖਤਾਰਾਂ ਮਾਈ ਨਾਲ ਕੀਤੇ
ਕੁਕਰਮਾਂ ਨੂੰ
ਲੁਕਾਉਣ ਵਾਸਤੇ ਉਸਨੂੰ ਕਟਹਿਰੇ ਵਿਚ
ਬੁਲਾਉਂਦੇ ਹਨ
ਇਹ ਤਾਂ ਚੰਗਾ ਹੋਇਆ
ਕੁੜੀਆਂ ਪੁਲਿਸ ਨਾਲ ਉਲਝੀਆਂ
ਹੱਕ ਵਾਸਤੇ
ਆਵਾਜ਼ ਉਠਾਈ
ਕਿੰਨੀਆਂ ਸਿਆਣੀਆਂ ਤੇ ਬਹਾਦਰ
ਬਣ ਰਹੀਆਂ
ਇਹ ਕੁੜੀਆਂ
ਹੱਕ-ਸੱਚ ਲਈ
ਲੜਨ ਲੱਗੀਆਂ।

-ਨਵੰਬਰ 2006

*ਸਾਲ 2006 ਵਿਚ ਲੁਧਿਆਣਾ ਸ਼ਹਿਰ (ਭਾਰਤ) ਵਿਚ ਨਰਸਾਂ ਵੱਲੋਂ ਆਪਣੇ ਹੱਕਾਂ ਵਾਸਤੇ ਹੜਤਾਲ ਕਰਕੇ ਰੋਸ ਪਰਗਟ ਕਰਨ ਉਤੇ ਪੁਲਿਸ ਨੇ ਉਹਨਾਂ ਉਤੇ ਲਾਠੀ ਚਾਰਜ ਕੀਤਾ।

# ਮੁਹਬੱਤਾਂ ਦੀ ਖੈਰ

ਅੱਖਰਾਂ ਦੇ ਚਰਾਗ ਬਾਲ ਕੇ ਹਨੇਰੇ ਰੁਸ਼ਨਾ ਦਿਉ,
ਸੱਚ ਦੇ ਸਫ਼ੇ ਤੇ ਜ਼ਿੰਦਾਬਾਦ ਲਿਖਵਾ ਦਿਉ।

ਆਦਮੀ ਹੈ ਕਰ ਰਿਹਾ ਇਨਸਾਨੀਅਤ ਦਾ ਕਤਲ,
ਇਨਸਾਨ ਜੋ ਸੁੱਤਾ ਹੈ ਉਸਨੂੰ ਜਗਾ ਦਿਉ।

ਦਹਿਸ਼ਤ ਦੀ ਧੁੱਪ ਹੈ, ਚੜ੍ਹ ਰਹੀ ਹਰ ਪਾਸੇ,
ਸੂਰਜ ਜੇ ਅਜਿਹਾ ਹੈ, ਸੂਰਜ ਬੁਝਾ ਦਿਉ।

ਧਰਤੀ, ਸਾਗਰ ਬ੍ਹਿਮੰਡ 'ਤੇ ਜਿਸਦਾ ਅੱਜ ਰਾਜ ਹੈ,
ਕੁਦਰਤ ਨਾਲ ਮਿਲ ਕੇ ਉਸਨੂੰ ਮਿਟਾ ਦਿਉ।

ਮੁਹੱਬਤਾਂ ਦੀ ਖੈਰ ਮੰਗੋ ਪ੍ਰੀਤ ਦੀ ਦਰਗਾਹ 'ਤੇ,
ਢਾਈ ਅੱਖਰਾਂ ਦਾ ਚਰਾਗ ਹਰ ਦਿਲ 'ਚ ਜਗਾ ਦਿਉ।

–ਮਈ 2011

# ਜੁਗਨੂੰਆਂ ਦਾ ਕਾਫ਼ਲਾ

ਪਾਣੀ ਪੰਜ-ਆਬ ਦੇ ਪਿੰਡਾਂ ਨੂੰ ਛਲ ਰਿਹਾ ਸੀ,
ਫੈਕਟਰੀਆਂ ਦਾ ਜ਼ਹਿਰ ਜਦ ਉਸ ਵਿਚ ਰਲ ਰਿਹਾ ਸੀ।

ਦੱਸਾਂਗੀ ਲੋਕਾਂ ਤਾਈਂ ਉਹਦੇ ਕਸਬ ਦਾ ਹੁਨਰ,
ਵੇਖਿਆ ਸੜਕ ’ਤੇ ਹਜੂਮ ਬੋਲਿਆਂ ਦਾ ਚਲ ਰਿਹਾ ਸੀ।

ਸਾਗਰ ਮੰਥਨ ਲਈ ਆਦਮੀ ਇਕੱਲਾ ਤੁਰ ਪਿਆ,
ਦੇਵਤਾ ਤੇ ਦਾਨਵ ਆਦਮੀ ਵਿਚ ਰਲ ਗਿਆ ਸੀ।

ਹਨੇਰੇ ਤੁਰਦੇ ਜਾ ਰਹੇ ਰੌਸ਼ਨੀ ਲਿਤਾੜ ਕੇ,
ਜੁਗਨੂੰਆਂ ਦਾ ਕਾਫ਼ਲਾ ਜੰਗਲ ਵਲ ਚਲ ਰਿਹਾ ਸੀ।

ਵਹਿਸ਼ਤ ਦੀ ਇਸ ਦੌੜ ਵਿਚ ਫਲਸਫ਼ਾ ਰੁਲ ਗਿਆ,
ਸੋਚਾਂ ਦੀ ਜ਼ਮੀਨ ਨੂੰ ਮਲਟੀਨੈਸ਼ਨਲ ਮਲ ਲਿਆ ਸੀ।

-ਮਈ 2011

# ਆਹਟ

ਤੈਨੂੰ ਮਿਲੀ ਤਾਂ ਰਾਹਤ ਮਿਲੀ
ਮੇਰੀ ਚਾਹਤ ਨੂੰ ਚਾਹਤ ਮਿਲੀ।

ਰਿਸ਼ਤੇ ਕਰਦੇ ਜ਼ਿੰਦਗੀ ਦੇ ਫੈਸਲੇ
ਇਸ ਵਿਚ ਸਮਾਜ ਦੀ ਸਾਜਿਸ਼ ਮਿਲੀ।

ਲੋਕਤੰਤਰ ਦਾ ਲਾਰਾ ਲਾਇਆ ਲੋਕਾਂ ਤਾਈਂ
ਰਾਜਤੰਤਰ ਦੀ ਇਸ ਵਿਚ ਸ਼ਰਾਰਤ ਮਿਲੀ।

ਇਰਾਕ ਵਿਚ ਕੈਮੀਕਲ ਵੈਪਨ ਲੱਭਦੇ
ਪ੍ਰੈਜ਼ੀਡੈਂਟ ਨੂੰ ਕੁਰਸੀ ਦੀ ਦਾਅਵਤ ਮਿਲੀ।

ਉਡੀਕ ਨੇ ਬਾਹਵਾਂ ਜਦ ਖੋਲ੍ਹੀਆਂ
ਸਾਈਂ ਦੇ ਆਉਣ ਦੀ ਆਹਟ ਮਿਲੀ।

–2013

# ਕੈਦ ਹੈ ਅਨਾਜ

ਕਣਕ ਦਾ ਤੁਸੀਂ ਵੇਖ ਲਓ ਜਾਹੋ ਜਲਾਲ,
ਕਣਕ ਵੰਨਾਂ ਰੰਗ ਹੈ ਕਿੰਨਾ ਕਮਾਲ।

ਮੰਡੀਆਂ ਵਿਚ ਆ ਗਿਆ ਟੰਨਾਂ ਅਨਾਜ,
ਸਾਂਭਣ ਲਈ ਥਾਂ ਨਹੀਂ ਕਿੰਨਾ ਕਮਾਲ।

ਸਰਕਾਰ ਦੀ ਪੌਲਿਸੀ ਅੰਨ ਭੰਡਾਰ ਬਣਾਉਣ ਦੀ,
ਕਾਗਜ਼ਾਂ ਵਿਚ ਬਣ ਗਈ ਕਿੰਨਾ ਕਮਾਲ।

ਪਿਛਲੇ ਸਾਲੀਂ ਸਾਂਭਿਆ ਜੋ ਬੋਰੀਆਂ ਵਿਚ,
ਅਨਾਜ ਕੈਦ ਸੜ ਰਿਹਾ ਕਿੰਨਾ ਕਮਾਲ।

ਝੁੱਗੀਆਂ ਵਿਚ ਅੱਗ ਹੈ ਪਰ ਆਟਾ ਨਹੀਂ,
ਗ਼ਰੀਬ ਭੁੱਖਾ ਮਰ ਰਿਹਾ ਕਿੰਨਾ ਕਮਾਲ।

ਮਿਹਨਤ ਦਿਨ ਰਾਤ ਕਰਕੇ ਅਨਾਜ ਜਿਸ ਬੀਜਿਆ,
ਕਿਸਾਨ ਖ਼ੁਦਕੁਸ਼ੀ ਕਰ ਰਿਹਾ ਕਿੰਨਾ ਕਮਾਲ।

–ਮਈ 2011

# ਪੰਚਮ

ਚਿਰਾਗ ਹਥੇਲੀ ’ਤੇ ਜਗਾ ਕੇ ਘੁੰਮਦੇ ਹਨ ਉਹ
ਹਨੇਰਿਆਂ ਨੂੰ ਸ਼ਾਇਦ ਹਯਾ ਆ ਜਾਵੇ।

ਕੁਫ਼ਰ ਨਾਲ ਦੋਸਤੀ ਉਹਨਾਂ ਦੀ ਮਰਹਬਾ
ਕੀਤੇ ਗਬਨ ਦੀ ਸ਼ਾਨ ਵਿਚ ਗੀਤ ਉਹਨਾਂ ਗਾਏ।

ਮੌਸਮ ਦਾ ਮਿਜ਼ਾਜ਼ ਕਿੰਨਾ ਨਾਜ਼ੁਕ ਹੈ ਦੋਸਤ
ਆਕਾਸ਼ ਉਤੇ ਕਾਲੇ ਬੱਦਲ ਹਨ ਛਾਏ।

ਪਰੇਸ਼ਾਨ ਹੋ ਕੇ ਵਕਤ ਗੁਜ਼ਰਦਾ ਰਿਹਾ
ਸਿਆਸਤ ਦੀ ਜ਼ੁਲਫ ਕੋਈ ਕਿੰਜ ਸੁਲਝਾਏ।

ਲਫਜ਼ਾਂ ਨੂੰ ਕਰਦੇ ਤੂੰ ਸੱਚ ਦੇ ਹਵਾਲੇ
ਕਹੋ ਪੰਚਮ ਨੂੰ ਗੀਤ ਉਹ ਸੁਰ ਵਿਚ ਗਾਏ।

# ਅਵਾਰਾ ਪਿਆਸ

ਸੁਫ਼ੈਦ ਵਾਲਾਂ ਵਿਚ ਉਹ ਰਹੇ ਤਜੁਰਬਾ ਲੱਭਦੇ
ਮਿਲੇ ਰਾਹਾਂ ਵਿਚ ਉਹ ਰਹੇ ਖ਼ੁਦ ਨੂੰ ਲੱਭਦੇ।

ਅਵਾਰਾ ਪਿਆਸ ਆਸ ਪਾਸ ਭਟਕਦੀ ਮਿਲੀ
ਮਾਰੂਥਲ ਵਿਚ ਘੁੰਮਦੇ ਉਹ ਰਹੇ ਤਲਾਬ ਲੱਭਦੇ।

ਉਮਰ ਦਰਾਜ਼ ਹੋਵੇ ਤੇਰੀ ਸੋਹਣੇ ਨਿਆਰੇ ਸਨਮ।
ਸੁਫ਼ੈਦ ਖ਼ੂਨ ਵਿਚ ਉਹ ਰਹੇ ਇਬਾਰਤ–ਇ–ਮੁਹੱਬਤ ਲੱਭਦੇ।

ਰਸਤੇ ਅਤੇ ਬਜ਼ਾਰ ਸਾਰੇ ਬੰਦ ਹੋ ਗਏ
ਫਿਰ ਵੀ ਹਮੇਸ਼ਾ ਉਹ ਰਹੇ ਰਾਹਗੁਜ਼ਰ ਲੱਭਦੇ।

ਜ਼ੁਲਮ ਸਿਤਮ ਦੇ ਕਾਫ਼ਲੇ ਗੁਜ਼ਰਦੇ ਰਹੇ
ਭੀੜ ਵਿਚ ਉਹ ਰਹੇ ਭਗਤ–ਗੁਰੂ–ਸੁਖਦੇਵ ਲੱਭਦੇ।

ਸੂਲੀ ਮਸੀਹਾ ਦੇ ਗਲੇ ਵਿਚ ਜ਼ੇਵਰ ਬਣ ਗਈ
ਲੋਕ ਅੱਜ ਵੀ ਆਪਣਾ ਪਏ ਰਹਿਬਰ ਲੱਭਦੇ।

# ਕਾਮ-ਰੂਪ

ਸੈਕਸ ਮਿਊਜ਼ਿਅਮ
ਅਮਸਟਰਡਮ ਵਿਚ
ਕਾਮਦੇਵ ਦਾ ਰਾਜ
ਕਾਮ–ਸਬੰਧ ਦੀ
ਵਖ ਵਖ ਮੁਲਕੀਂ
ਕੀਤੀ ਤਲਾਸ਼
ਸਜੀਲਾ ਅੰਦਾਜ਼
ਮਸਤ ਅਦਾ
ਭੋਗ ਵਿਲਾਸ ਵਿਚ
ਰੁੱਝੇ ਪ੍ਰਾਣੀ
ਸੁੰਦਰ ਲਗਦੇ
ਬਾਂਕੇ ਛੈਲ ਛਬੀਲੇ
ਚਿਤਰ ਸਰੂਪ
ਬੁੱਤ ਤਰਾਸ਼ੀ ਦੇ
ਕਿੰਨੇ ਰੂਪ
ਏਥੇ ਸਜਾ ਕੇ ਰੱਖੇ
ਬੁੱਤ ਬਣਾ ਕੇ ਰੱਖੇ
ਦੇਸ਼ ਵਿਦੇਸ਼ ਤੋਂ
ਆਉਣ ਸੈਲਾਨੀ
ਮਰਦ, ਔਰਤਾਂ
ਤੱਕਦੇ ਨੰਗੇ ਬੁੱਤ,
ਹਕੀਕਤ ਸਾਹਵੇਂ
ਕਲਪਨਾ ਜਿਊਂਦੇ
ਕਾਮਮਈ ਅੰਦਾਜ਼ ਵਿਚ
ਲੇਟ ਕੇ, ਬੁੱਤ ਦੇ ਨਾਲ
ਜੱਫੀ ਪਾ ਕੇ
ਫੋਟੋ ਖਿਚਵਾਉਂਦੇ,
ਢਾਈ ਫੁੱਟ ਉਚੇ
ਲਿੰਗਮ ਉਤੇ ਬੈਠੀਆਂ

ਜਪਾਨੀ ਕੁੜੀਆਂ
ਹੱਸਦੀਆਂ
ਰੋਮਾਂਸ ਨਾਲ ਭਰੀਆਂ
ਮਨ ਦੇ ਅੰਦਰ
ਵਹਿਸ਼ਤ ਜਿਉਂਦੀਆਂ
ਡੱਚ ਕੈਮਰਾਮੈਨ ਤੋਂ
ਤਸਵੀਰਾਂ ਖਿਚਵਾਉਂਦੀਆਂ
ਜ਼ਿੰਦਗੀ ਦੀਆਂ ਯਾਦਾਂ ਵਿਚ
ਸੈਕਸ ਮਿਊਜ਼ਿਅਮ ਸ਼ਾਮਲ ਕਰਕੇ
ਦੇਸ਼ ਲੈ ਜਾਂਦੀਆਂ।

–ਫਰਵਰੀ 2002

## ਕੰਡੋਮਰੀ*

ਕੰਡੋਮਰੀ 'ਤੇ ਚੱਲੀਏ
ਕੰਡੋਮ ਦਾ ਇਤਿਹਾਸ
ਪੜ੍ਹੀਏ
ਕਈ ਤਰ੍ਹਾਂ ਦੇ ਕੰਡੋਮ
ਵੇਖੀਏ
ਰੰਗ ਬਰੰਗੇ
ਕਿੰਨੇ ਸੋਹਣੇ
ਫੁੱਲਾਂ ਜਿਹੇ ਕੋਮਲ
ਜ਼ੰਜੀਰਾਂ ਵਿਚ ਬੱਝੇ
ਪੰਛੀਆਂ ਵਰਗੇ
ਬਿੱਛੂ ਦੇ ਭਰਾ ਲਗਦੇ
ਜਨੌਰਾਂ ਜਿਹੇ ਖਤਰਨਾਕ
ਕੋਈ ਨਾ ਪਾਰਾਵਾਰ
ਰੰਗਾਂ ਤੇ ਕਲਪਨਾ ਨਾਲ
ਕੀਤਾ ਉਹਨਾਂ ਦਾ ਸ਼ਿੰਗਾਰ
ਪਿਆਰ ਕਰਨ ਲਈ
ਉਕਸਾਉਂਦੇ
ਲਿੰਗਮ ਨੂੰ ਸਜਾਉਂਦੇ .....।

–ਫਰਵਰੀ 2002

*ਅਮਸਟਰਡਮ ਵਿਚ ਅਜਿਹਾ ਸਮਾਨ ਵੇਚਣ ਵਾਲੀ ਇਕ ਦੁਕਾਨ ਦਾ ਨਾਮ।

# ਸੰਸਕ੍ਰਿਤੀ

ਲਾਹੌਰ, ਮਿਊਜ਼ੀਅਮ ਵਿਚ
ਵੇਖੇ ਸਪਰਮ
ਅਹਿਸਤਾ ਅਹਿਸਤਾ ਹੋ ਰਹੇ
ਦਾਖਲ
ਯੋਨੀ ਅੰਦਰ
ਸੁਫੈਦ ਸੰਗਮਰਮਰ ਦੇ ਬਣੇ
ਬੁੱਤ
ਸ਼ੋਭਾ ਵਧਾਉਂਦੇ
ਵਾਤਸਾਇਨ ਦੀ
ਯਾਦ ਕਰਾਉਂਦੇ
ਇਹ ਹੈ ਸਾਡੀ ਸਾਂਝੀ
ਸੰਸਕ੍ਰਿਤੀ–
ਕਲਾਮਈ–
ਵਿਰਾਸਤ

–ਫਰਵਰੀ 2002

## ਸਮਰਿਧੀ

ਸੁਣ ਕਲਪਨਾ!
ਸਮੱਸਿਆ ਆਵੇਗੀ
ਮਰਦ-ਜਿਸਮ ਦੇ
ਤੂੰ ਚਿਤਰ ਬਣਾਵੇਂਗੀ
ਲਿੰਗਮ ਚਿਤਰੇਂਗੀ
ਸ਼ਿਵ-ਲਿੰਗ
ਮਨ-ਮੰਦਿਰ
ਵਿਚ ਸੱਜਿਆ
ਰੂਹ ਨੂੰ ਕੱਜਿਆ
ਸੰਸਕ੍ਰਿਤੀ ਦਾ ਲਾਡਲਾ
ਸਤਿਅਮ-ਸ਼ਿਵਮ-ਸੁੰਦਰਮ
ਸਰੂਪ
ਕਿੰਨਾ ਅਨੂਠਾ ਰੂਪ
ਧਰਮ ਪ੍ਰਨਾਇਆ
ਆਸਥਾ ਅਪਨਾਇਆ
ਪਰ ਜੇ ਤੂੰ
ਸੁੰਦਰ ਬੱਚਿਆਂ
ਮਰਦਾਂ ਦੇ
ਲਿੰਗਮ ਚਿਤਰੇਂਗੀ
ਮੋਟੇ ਛੋਟੇ
ਪਤਲੇ ਸੋਹਣੇ
ਲੰਮ-ਸਲੰਮੇ
ਬੁੱਤ-ਆਕਾਰ
ਸੈਕਸ ਸ਼ੌਪ ਵਿਚ ਵਿਕਦੇ
ਕੂਲੀ-ਪਲਾਸਟਿਕ
ਗੱਦਰ-ਪੱਥਰ
ਸ਼ਿੰਗਾਰੇ ਨਾਲ ਰਿਬਨ ਦੇ
ਫੁੱਲ-ਪੱਤੀਆਂ ਜਿਹੇ
ਹੋਠਾਂ ਨੂੰ ਚੁੰਮਦੇ।
ਅਮਸਟਰਡਮ ਸ਼ਹਿਰ ਵਿਚ
ਰੌਕਨ* ਦੀ ਪਟੜੀ ਉਤੇ
ਕਿੰਨੇ ਲਿੰਗਮ ਸੱਜੇ

ਬੈਠਣ ਉਹਨਾਂ 'ਤੇ
ਗਭਰੂ ਬੱਚੇ
ਮਾਵਾਂ ਭੈਣਾਂ
ਬੁੱਢੇ ਠੇਰੇ
ਠਰਕੀ ਬਾਬੇ
ਕੁੜੀਆਂ ਚਿੜੀਆਂ
ਟੂਰਿਸਟ ਬੈਠੇ
ਪਲ ਘੜੀ
ਅਰਾਮ ਕਰਨ ਲਈ।
ਅਜੰਤਾ ਵਿਚ ਸਿਰਜੇ
ਬੁੱਤ, ਖਜੁਰਾਹੋ ਵਿਚ
ਮੁਕਤੀ ਪਾਉਂਦੇ
ਵਾਤਸਾਇਨ ਦੇ ਸੈਕਸ ਸਰੂਪ
ਬੁੱਤਕਾਰਾਂ ਨੇ ਬੁੱਤ ਤਰਾਸ਼ੇ
ਕਲਾ ਕੌਸ਼ਲ ਨਾਲ ਦਿੱਤਾ ਰੂਪ
ਮਰਦ, ਮਾਨਸੀ ਮੌਡਲ ਬਣੇ
ਬੁੱਤਾਂ ਵਿਚ ਉਹ ਖ਼ੂਬ ਸੱਜੇ
ਕਲਾ ਦੀ ਸ਼ਾਨ ਵਧਾਈ
ਕੁੱਲ ਦੁਨੀਆਂ ਵਿਚ ਪ੍ਰਸਿੱਧੀ ਪਾਈ,
ਸੈਲਾਨੀ ਭਾਰਤ ਆਉਂਦੇ
ਸਮੇਂ ਦੇ ਇਹ ਸ਼ਾਹਕਾਰ
ਉਹਨਾਂ ਨੂੰ ਲੁਭਾਉਂਦੇ
ਤਸਵੀਰਾਂ ਖਿਚਦੇ–
ਦੇਸ ਲੈ ਜਾਂਦੇ
ਫਿਰ ਕੈਸਾ ਇਤਰਾਜ਼
ਕਲਪਨਾ!
ਕਲਾ ਦਾ ਏਡਾ ਸਤਿਕਾਰ
ਕਲਾਕਾਰ ਔਰਤ ਜਦ
ਮਰਦ ਜਿਸਮ ਦੇ ਚਿਤਰ ਬਣਾਵੇਗੀ
ਲਿੰਗਮ ਚਿਤਰੇਗੀ
ਸ਼ਿਵ ਲਿੰਗ ਧਿਆਵੇਗੀ
ਕਲਾ ਵਿਚ ਹਿੱਸਾ ਪਾ ਕੇ
ਸਮਰਿਧੀ ਵਧਾਵੇਗੀ!

–ਫਰਵਰੀ 2002

*ਰੌਕਨ, ਅਮਸਟਰਡਮ ਵਿਚ ਇਕ ਜਗ੍ਹਾ ਦਾ ਨਾਮ

# ਭਾਰਤੀ ਟੀ.ਵੀ. ਸੀਰੀਅਲ-ਇਕ ਦ੍ਰਿਸ਼

ਗੋਟੇ ਕਿਨਾਰੀ ਵਾਲੇ ਦੁਪੱਟੇ
ਜ਼ਰੀ ਦੀਆਂ ਕਮੀਜ਼ਾਂ
ਸਿਲਕ ਦੀਆਂ ਸਲਵਾਰਾਂ ਪਾਈ
ਬੈਠੀਆਂ ਘਰ ਦੀਆਂ ਵਡੇਰੀਆਂ।
ਕੌਮੀ ਲਿਬਾਸ, ਫੈਸ਼ਨ ਵਿਚ ਆਇਆ
ਸਾੜ੍ਹੀਆਂ ਪਾਈ ਤਿਰੰਗੇ ਰੰਗੀਆਂ
ਰੰਗ ਬਰੰਗੀਆਂ
ਤਾਰਿਆਂ-ਸਿਤਾਰਿਆਂ-ਮੋਤੀਆਂ
ਕੱਢੀਆਂ
ਫੈਸ਼ਨਦਾਰ ਚੋਲੀ,
ਕਮਰ ਦੇ ਖ਼ਮ
ਦਿਲਕਸ਼ ਲਗਦੇ
ਨੂੰਹਾਂ ਧੀਆਂ ਨੂੰ ਕਿੰਨੇ ਜਚਦੇ।
ਮਿੰਨੀ ਸਕਰਟ
ਨਿੱਕੀ ਟੌਪ
ਘਰ ਦੀਆਂ ਬੱਚੀਆਂ ਪਾਉਂਦੀਆਂ
ਉਚੇ ਘਰ ਦਾ ਮਾਣ ਵਧਾਉਂਦੀਆਂ,
ਭਾਰਤ ਦੀ ਪਰੰਪਰਾ
ਨਿਭਾਈ ਜਾਂਦੀ-ਵਿਖਾਈ ਜਾਂਦੀ
ਟੀ.ਵੀ. ਸੀਰੀਅਲ ਵਿਚ,
ਸੁਖੀ ਪਰਿਵਾਰ
ਰੱਜਿਆ ਪੁਜਿਆ
ਡਾਈਨਿੰਗ ਟੇਬਲ ਉਤੇ ਸੱਜਿਆ
ਨੂੰਹਾਂ ਖਾਣਾ ਪਰੋਸਣ
ਕਿੰਨੀਆਂ ਸੁੱਚਜੀਆਂ
ਨਿਰੰਤਰ ਨਿਮਰਤਾ ਨਾਲ ਭਰੀਆਂ
ਠੰਡੀ ਜੰਗ ਲੜਦੀਆਂ
ਸਾਜ਼ਿਸ਼ਾਂ ਕਰਦੀਆਂ,

ਖ਼ੁਸ਼ਹਾਲ ਪਰਿਵਾਰ
ਇਸ਼ਤਿਹਾਰੀ ਬਜ਼ਾਰ
ਮੁੰਡੇ ਗਭਰੂ
ਬੀਬੇ ਰਾਣੇ
ਬਰੈਂਡਡ ਫੈਸ਼ਨਦਾਰ ਲਿਬਾਸ
ਸਪੋਰਟਸ ਕਾਰਾਂ ਵਿਚ
ਕਾਲਜ ਜਾਂਦੇ
ਹਾਊਸ ਪਾਰਟੀਆਂ ਕਰਦੇ
ਸ਼ੰਪੇਨ ਖੋਲ੍ਹਦੇ
ਨੱਚਦੇ-ਟੱਪਦੇ-ਮਜ਼ੇ ਉਹ ਕਰਦੇ,
ਮੰਝਲੇ ਬਾਬੂ ਪਿਤਾ ਬਣੇ
ਆਪਣੇ ਆਪ ਨੂੰ
ਦੇਣ ਤਸੱਲੀ
ਜ਼ਮਾਨਾ ਬਦਲ ਰਿਹਾ
ਕਾਰਪੋਰੇਟ ਸ਼ੈਲੀ ਅਪਨਾਉ
ਬਿਜ਼ਨਸ ਵਧਾਉ
ਐਸ਼ ਕਰੋ
ਬੱਚੇ ਜਿਉਂਦੇ ਆਪਣੀ ਮਰਜ਼ੀ
ਅਸੀਂ ਜਿਉਂਦੇ ਆਪਣੀ ਜ਼ਿੰਦਗੀ
'ਸੋਮਰਸ' ਦੀ ਵਰਤੋਂ ਕਰਦੇ
ਆਪਣਾ ਆਪ ਰੀਝਾਉਂਦੇ
ਮਨ ਭਰਮਾਉਂਦੇ
ਬਾਬੂ ਸਾਹਿਬ ਤੇ ਮਾਂ ਸਾ...ਦੇ
ਪੈਰੀਂ ਹੱਥ ਲਾਉਂਦੇ
ਖਾਨਦਾਨੀ ਸੰਸਕਾਰ ਨਿਭਾਉਂਦੇ

-ਜਨਵਰੀ 2004

# ਸਭਿਆਚਾਰ ਦੀ ਬਾਤ ਬੁੱਝੀਏ

ਮਨ ਦਾ ਅਵਾਰਾਪਨ
ਸਹਿਰਾ ਵਿਚ ਘੁੰਮਦਿਆਂ
ਦੁਬਈ, ਅਬੂਦਾਬੀ ਦੀਆਂ
ਰੰਗੀਨੀਆਂ ਵਿਚ–
ਗਵਾਚ ਜਾਂਦਾ
ਰੇਤ ਵਿਚ ਉਸਰ ਰਹੇ
ਅਸਲੀ ਨਖ਼ਲਿਸਤਾਨ
ਟੌਵਰ ਇਮਾਰਤਾਂ
ਅਸਪੈਕਟਸ ਦੇ ਦਫ਼ਤਰ
ਵੱਡੇ ਘਰ ਰੰਗ ਮਹਿਲ
ਤੇਲ ਦਾ ਵਿਉਪਾਰ
ਸੋਨੇ ਦੇ ਬਜ਼ਾਰ
ਦੌਲਤ ਦੀ ਝਣਕਾਰ,
ਪੰਜ ਸਿਤਾਰਾ ਹੋਟਲ ਜਾਉ
ਨਿੱਕੇ ਟਾਪੂਆਂ ਵਿਚ ਬੈਠੋ
ਆਨੰਦ ਮਾਣੋ, ਮੌਜ ਕਰੋ
ਕੁਦਰਤੀ ਝੀਲਾਂ ਬਦਲ ਸਿਰਨਾਵਾਂ
'ਸਪਾ' ਬਣ ਗਈਆਂ
ਪਰਵਾਸੀ ਕਾਮੇ
ਵੀਅਤਨਾਮੀ ਮੁਟਿਆਰਾਂ
ਸੇਵਾ ਲਈ ਹਾਜ਼ਰ
ਸਪਾ ਵਿਚ ਨਹਾਉ
ਮਸਾਜ ਕਰਵਾਉ
ਥਕਾਵਟ ਲਾਹੋ।
ਰੇਗਿਸਤਾਨ ਵਿਚ ਉਸਰੇ
ਇਹਨਾਂ ਨਜ਼ਾਰਿਆਂ ਨੂੰ ਮਾਣਦੀ
ਪਹੁੰਚੀ ਹੈਰੀਟੇਜ ਵਿਲੇਜ,
ਆਜੜੀ ਪਿੰਡ ਦੀਆਂ ਗਲੀਆਂ ਵਿਚ

ਤੁਰਦੀ, ਪੈਰ ਰੇਤ ਵਿਚ ਖੁਭਦੇ
ਆਜੜੀ ਹੱਕਦੇ ਊਠਾਂ ਨੂੰ
ਨਿੱਕੇ ਨਿੱਕੇ ਕਦਮ ਧਰਦੀ
ਤੁਰ ਪਈ ਉਹਨਾਂ ਦੇ ਨਾਲ,
ਉੱਚੀਆਂ ਕੰਧਾਂ ਨਾਲ ਘਿਰੇ
ਦਲਾਨ ਵਿਚ
ਅੱਗ ਦਵਾਲੇ ਬੈਠੇ
ਭੁੰਨ ਰਹੇ ਕੌਫੀ ਬੀਨਜ਼
ਗੱਪਾਂ ਲੜਾਉਂਦੇ
ਕੌਫੀ ਪੀਂਦੇ ਆੜੀ ਹਾਣੀ
ਨਿੱਕੇ ਵੱਡੇ ਸਾਰੇ ਮਰਦ,
ਖਜੂਰਾਂ ਦੇ ਪੱਤਿਆਂ ਦੇ
ਨਿੱਕੇ ਘਰਾਂ ਵਿਚ
ਕੰਮ ਕਰਦੀਆਂ ਤ੍ਰੀਮਤਾਂ
ਸਿਰ ਤੇ ਸਾਲੂ
ਮੁਸ ਮੁਸ ਹੱਸਦੀਆਂ
ਸਰਗੋਸ਼ੀਆਂ ਕਰਦੀਆਂ,
ਭੇਡਾਂ ਮੁੰਨਦੇ ਜਵਾਨ
ਉੱਨ ਕੱਤਣ ਮੁਟਿਆਰਾਂ
ਦਰੀਆਂ ਗਲੀਚੇ ਉਣਦੀਆਂ,
ਦੀਵਾਨਖਾਨੇ ਵਿਚ ਬੈਠੇ ਬਜ਼ੁਰਗ
ਤਕੀਏ ਨਾਲ ਢੋਅ ਲਾਈ
ਹੁਕਮ ਦੇਂਦੇ
ਜਵਾਨ ਬੱਚੇ ਤਾਬਿਆਦਾਰ,
ਰਕਾਬੀ ਵਿਚ ਖਜੂਰਾਂ
ਗਲਾਸ ਵਿਚ ਊਠਣੀ ਦਾ ਦੁੱਧ
ਪ੍ਰਹੁਣਚਾਰੀ ਨਿਭਾਉਂਦੀਆਂ
ਘਰ ਦੀਆਂ ਧੀਆਂ ਸ਼ਰਮਾਉਂਦੀਆਂ
ਮੇਰੇ ਮੋਢੇ ਤੇ ਹੱਥ ਰੱਖ ਕੇ ਜਗਾਉਂਦੀਆਂ
ਦੁੱਧ ਦਾ ਗਲਾਸ ਫੜਦਿਆਂ
ਖਜੂਰ ਮੂੰਹ ਵਿਚ ਧਰਦਿਆਂ

ਅਤੀਤ ਦੀ ਮਿਠਾਸ ਵਿਚੋਂ
ਜਾਗਦਿਆਂ, ਵੇਖਿਆ
ਅਬੂਦਾਬੀ ਦੇ ਮਿਊਜ਼ੀਅਮ ਵਿਚ
ਮੈਂ ਹਾਂ ਖੜ੍ਹੀ, ਜੋ ਕੇਵਲ
ਚਾਲੀ ਸਾਲ* ਪਹਿਲਾਂ ਦੇ
ਸਭਿਆਚਾਰ ਦੀ ਬਾਤ ਪਾਵੇ, ਜਿਥੇ
ਸੋਵੀਨੀਅਰਜ਼ ਦਾ ਕਾਰੋਬਾਰ
ਸੈਲਾਨੀਆਂ ਦੀ ਭਰਮਾਰ,
ਟੂਰਿਸਟ ਗਾਈਡ ਕੋਲੋਂ ਪੁਛਦਿਆਂ
ਸੁਣਦਿਆਂ, ਬੱਸ ਵਿਚ ਬੈਠ ਕੇ
ਮੈਰੀਨਾ ਮੌਲ ਜਾਂਦਿਆਂ,
ਜਾਪਿਆ ਅਜੇ ਵੀ ਮੈਂ
ਤੁਰ ਰਹੀ
ਆਜੜੀ ਪਿੰਡ ਵਿਚ
ਮੁਟਿਆਰਾਂ ਨਾਲ ਗੱਲਾਂ ਕਰਦੀ
ਬਜ਼ੁਰਗਾਂ ਕੋਲੋਂ ਪਿਆਰ ਲੈਂਦੀ
ਮਾਵਾਂ ਭੈਣਾਂ ਸੰਗ ਬੈਠੀ
ਹੱਸਦੀ, ਨਿਰਛਲ ਮਾਸੂਮ
ਜਿਹੀ, ਬੇਫ਼ਿਕਰ ਬੇਪਰਵਾਹ
ਬੇਖ਼ਬਰ.................।

–ਅਕਤੂਬਰ 2012

* ਅਬੂਦਾਬੀ ਦੇ ਬਾਸ਼ਿੰਦਿਆਂ ਨੂੰ ਰੇਗਿਸਤਾਨ ਵਿਚ ਤੇਲ ਦੀ ਨਿਸ਼ਾਨਦੇਹੀ ਹੋਣ ਤੋਂ ਬਾਅਦ ਕੇਵਲ ਚਾਲੀ ਸਾਲ ਪਹਿਲਾਂ ਇਸ ਸ਼ਹਿਰ ਦੀ ਉਸਾਰੀ ਸ਼ੁਰੂ ਕੀਤੀ ਗਈ, ਜੋ ਅਜੇ ਵੀ ਜਾਰੀ ਹੈ।

# ਪੌਣ ਦੇ ਕੰਧਾੜੇ

ਰੁੱਖਾਂ ਨੂੰ ਸਜ਼ਾ ਨਾ ਦਿਉ
ਰੁੱਖ ਰੁੱਸ ਗਏ ਤਾਂ
ਕੀ ਕਰੋਗੇ ?
ਸ਼ਹਿਰਾਂ ਵਿਚ
ਇਮਾਰਤਾਂ ਦੇ ਜੰਗਲ ਉੱਗੇ
ਇੰਜ ਜਾਪਦਾ,
ਰੁੱਖਾਂ ਦੇ ਦਿਨ ਪੁੱਗੇ,
ਇਮਾਰਤਸਾਜ਼ ਜਦ
ਨਕਸ਼ੇ ਬਣਾਉਂਦੇ
ਸ਼ਾਨਦਾਰ ਉੱਚੀਆਂ
ਮੰਜ਼ਿਲ-ਦਰ-ਮੰਜ਼ਿਲ ਇਮਾਰਤਾਂ
ਕੰਕਰੀਟ, ਸੀਮਿੰਟ ਦੀਆਂ ਦੀਵਾਰਾਂ
ਕਮਰਿਆਂ ਦੀਆਂ ਕੰਧਾਂ ਵਿਚ
ਹਰਿਆਲੀ ਉਣਦੇ
ਰੈਣ, ਬਸੇਰੇ ਵਿਚ
ਕੁਦਰਤ ਲੈ ਆਉਂਦੇ,
ਸ਼ੀਸ਼ੇ ਦੀਆਂ ਖਿੜਕੀਆਂ ਨਾਲ
ਧੁੱਪ ਟਕਰਾਉਂਦੀ
ਕਮਰਿਆਂ ਅੰਦਰ ਆਉਣ ਲਈ
ਤਰਲੇ ਪਾਉਂਦੀ
ਖ਼ੂਬਸੂਰਤੀ ਵਧਾਉਣ ਲਈ
ਨਿੱਜ, ਨੇੜੇ ਰਹਿਣ ਲਈ
ਖਿੜਕੀਆਂ ਉਤੇ ਲੱਗੇ ਪਰਦੇ
ਰਾਹ ਰੋਕਦੇ।
ਕਮਰੇ ਅੰਦਰ
ਬਿਜਲੀ ਜਗਦੀ
ਮਿਲਕੀ ਬਲਬ
ਚਾਨਣੀ ਫੈਲਾਉਂਦੇ

ਮਸਨੂਈ ਵਾਤਾਵਰਣ ਬਣਾਉਂਦੇ
ਇਸ ਵਿਚ ਰੁੱਖ ਉਗਦੇ
ਪਹਾੜੀ ਬੁੱਤਾਂ ਵਿਚੋਂ
ਝਰਨਾ ਫੁਹਾਰ ਬਰਸੇ
ਚੰਬਾ ਖਿੜਿਆ
ਬੇਲਾ ਮਹਿਕਿਆ
ਜੰਗਲੀ ਵੇਲਾਂ ਕਮਰੇ ਵਿਚ
ਕੌਲਿਆਂ ਸੰਗ
ਗਲਵਕੜੀ ਪਾਈ
ਬਿਜਲਈ ਤਾਪਮਾਨ
ਰਾਖਵਾਂ ਕੀਤਾ
ਰੁੱਖ ਬੂਟੇ
ਫੁੱਲ, ਫਲ, ਝਾੜੀਆਂ
ਪਰਵਾਨ ਚੜ੍ਹਦੀਆਂ,
ਉੱਚੇ ਭਾਰੀ ਰੁੱਖਾਂ ਨੂੰ
ਜਪਾਨੀ ਤਕਨੀਕ ਨਾਲ
ਬੌਣਿਆ ਕਰਕੇ
ਬੌਨਸਾਇ ਬਣਾਇਆ
ਕਾਰਨਸ ਤੇ ਬਿਠਾਇਆ
ਦਫ਼ਤਰ ਮਹਿਕਾਇਆ
ਘਰ ਨੂੰ ਸਜਾਇਆ,
ਜ਼ਰਾ ਸੋਚੋ;
ਭੰਵਰੇ ਦਾ ਅਲਾਪ
ਪੰਛੀਆਂ ਦੇ ਗੀਤ
ਸ਼ਾਮ ਦਾ ਸੰਗੀਤ
ਸੂਰਜ ਦਾ ਛਿਪਣਾ
ਉਦੈ ਹੋਣਾ
ਝਿਲਮਿਲ ਤਾਰੇ
ਹੁਸੀਨ ਚੰਦਰਮਾ
ਦੁਧੀਆ ਚਾਨਣੀ

ਸਾਗਰ ਦਾ ਸ਼ੋਰ
ਪਰਬਤ ਦਾ ਸੰਦੇਸ਼
ਬੱਦਲਾਂ ਦਾ ਗਰਜਣਾ
ਸੁਰਮਈ ਰੰਗ ਵਿਚੋਂ
ਬਿਜਲੀ ਦਾ ਲਿਸ਼ਕਣਾ
ਵਰਖਾ ਦੀ ਰਿਮਝਿਮ
ਕੂਲੀ ਧੁੱਪ ਰੇਸ਼ਮੀ
ਮੌਸਮ ਵਿਚ ਹੁੰਮਸ
ਸਤਰੰਗੀ ਬਣ ਕੇ
ਅਕਾਸ਼ ਵਿਚ
ਰੰਗਾਂ ਦਾ ਮਹਿਕਣਾ
ਫੁੱਲਾਂ ਦਾ ਖਿੜਨਾ
ਸ਼ਬਨਮ ਦਾ ਘਾਹ ਨੂੰ
ਬੋਸਾ ਦੇਣਾ
ਰੁੱਖਾਂ ਦਾ ਗੀਤ ਗਾਉਣਾ
ਪੌਣ ਦੇ ਕੰਧਾੜੇ ਚੜ੍ਹ
ਬੀਜਾਂ ਦਾ ਭੱਜਣਾ
ਧਰਤੀ ਦੀ ਕੁੱਖ ਵਿਚ
ਸੁੱਖ ਲੱਭਣਾ
ਬੂਟਿਆਂ ਦਾ ਉਗਣਾ
ਰੁੱਖਾਂ ਵਿਚ ਬਦਲਣਾ
ਕੁਦਰਤ ਦੀ ਕਰਾਮਾਤ
ਕਸ਼ਿਸ਼ ਵਿਚ ਗਵਾਚਣਾ
ਸਾਰਾ ਹੀ ਜੇ ਇਮਾਰਤਾਂ ਵਿਚ
ਕੈਦ ਹੋ ਗਿਆ,
ਸਾਹ ਕਿੰਜ ਲਵੋਗੇ
ਰੁੱਖਾਂ ਨੂੰ ਸਜ਼ਾ ਨਾ ਦਿਉ
ਰੁੱਖ ਰੁੱਸ ਗਏ ਤਾਂ ਕੀ ਕਰੋਗੇ ?

–ਅਪ੍ਰੈਲ 2000

# ਮਨ

ਕਦੀ ਕਦੀ ਮਨ ਅਸਮਾਨ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਉਚਾਈਆਂ ਨੂੰ ਛੋਹਣਾ ਚਾਹੁੰਦਾ।
ਕਦੀ ਕਦੀ ਮਨ ਖਿਲਾਅ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਬ੍ਰਹਿਮੰਡ ਵਿਚ ਆਨੰਦ ਲੈਣਾ ਚਾਹੁੰਦਾ।
ਕਦੀ ਕਦੀ ਮਨ ਸਹਿਰਾ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਤਪਦੇ ਸੂਰਜ ਨੂੰ ਚੁੰਮਣਾ ਚਾਹੁੰਦਾ।
ਕਦੀ ਕਦੀ ਮਨ ਰੇਤ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਸਾਗਰ ਤਟ ਉਤੇ ਸੌਣਾ ਚਾਹੁੰਦਾ।
ਕਦੀ ਕਦੀ ਮਨ ਸਾਗਰ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਗਹਿਰਾਈ ਵਿਚ ਗੁੰਮਣਾ ਚਾਹੁੰਦਾ।
ਕਦੀ ਕਦੀ ਮਨ ਸਿੱਪੀ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਸੁੱਚੇ ਮੋਤੀ ਨੂੰ ਚੁੰਮਣਾ ਚਾਹੁੰਦਾ।
ਕਦੀ ਕਦੀ ਮਨ ਜੰਗਲ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ

ਹਰਿਆਲੇ ਰੁੱਖਾਂ ਵਿਚ ਗੁੰਮਣਾ ਚਾਹੁੰਦਾ।
ਕਦੀ ਕਦੀ ਮਨ ਧਰਤੀ ਹੁੰਦਾ ਹੈ
ਪਰਿੰਦਾ ਉੱਡਦਾ
ਪਰ ਤੋਲਦਾ
ਸਰਹੱਦਾਂ ਦੇ ਆਰ ਪਾਰ ਜਾਣਾ ਚਾਹੁੰਦਾ।
ਕਦੀ ਕਦੀ ਮਨ ਜੁਗਨੂੰ ਹੁੰਦਾ ਹੈ
ਪਰਿੰਦਾ ਬਣ ਕੇ
ਪਰ ਖੋਲ੍ਹਦਾ
ਹਨੇਰਿਆਂ ਵਿਚ ਜਗਦਾ, ਚਾਨਣ ਭਰਦਾ....

–ਮਾਰਚ 2001

## ਸੁਣ ਸਖੀ

ਮੌਸਮ ਖ਼ੁਸ਼ਗਵਾਰ
ਮਹੀਨਾ ਜੂਨ ਜੁਲਾਈ
ਲੰਡਨ ਵਿਚ ਗਰਮੀ ਆਈ,
ਮੌਸਮ ਦਾ ਮਿਜ਼ਾਜ਼
ਠੰਡਾ ਗਰਮ ਨਰਮ ਜਿਹਾ
ਪਵਨ ਕਰੇ ਸਰਗੋਸ਼ੀਆਂ
ਫੁੱਲਾਂ ਨੂੰ ਛੋਂਹਦੀ
ਗੀਤ ਗਾਉਂਦੀ
ਬਾਵਰੀ ਹੋਈ-
ਸ਼ਾਮ ਵੇਲੇ ਮੈਂ ਸੈਰ ਜਦ ਜਾਂਦੀ
ਗਲਵਕੜੀ ਪਾ ਕੇ ਮਿਲਦੀ।
ਅੱਖ ਮਿਚੋਲੀ ਖੇਡਦੇ ਫੁੱਲ
ਸ਼ਰਾਰਤਾਂ ਕਰਦੇ, ਸੋਹਣੇ ਲਗਦੇ
ਤਿਤਲੀਆਂ ਤੇ ਨਸ਼ਿਆਏ ਭੰਵਰੇ
ਝੂਮਦੇ ਪੱਤੇ
ਰੁੱਖਾਂ ਉਤੇ ਪੰਛੀ ਆਉਂਦੇ
ਗੀਤ ਗਾਉਂਦੇ ਮਨ ਨੂੰ ਭਾਉਂਦੇ।
ਘਰਾਂ ਦੇ ਨਿੱਕੇ ਬਾਗਾਂ ਵਿਚ
ਫੁਲਾਂ ਦਾ ਰਾਜ
ਬਸੰਤ ਰੁੱਤ ਨੇ
ਪਹਿਨਿਆ ਤਾਜ,
ਵੇਖਾਂ ਰੰਗ ਬਰੰਗੇ ਗੁਲਾਬ
ਕਿਧਰੇ ਫੁਗਸ਼ੀਆ
ਨਾਜ਼ ਨਾਲ ਹਿੱਲਦੇ
ਝੁਮਕੇ ਝੂਮਦੇ, ਰੁੱਤ ਦੇ ਕੰਨੀਂ
ਰੁੱਖਸਾਰਾਂ ਉਤੇ ਕਰਨ ਸ਼ਰਾਰਤਾਂ,
ਗੇਂਦੇ ਦੇ ਫੁੱਲ
ਰੰਗ ਬਸੰਤੀ, ਲੱਡੂ ਵਰਗੇ
ਲਾਲ ਗੁਲਾਲ-ਗੋਰਾ ਰੰਗ

ਅੰਗਸਟੇਸ਼ੀਆ ਪਾਇਆ
ਪਿੜੀਆਂ ਵਾਲੇ ਖਿੱਦੋ ਮਨਮੋਹਣੇ
ਕੁਦਰਤ ਮਾਂ ਬਣਾਏ ਸੋਹਣੇ।
ਹਰੀ ਘਾਹ ਦੀ ਚਾਦਰ ਉੱਤੇ
ਕੱਢੇ ਫੁੱਲ ਕਿਸੇ ਮੁਟਿਆਰ
ਪਰੋਈ ਮਾਲਾ ਮਾਲਣ ਨੇ
ਕਿੰਨੀਆਂ ਰੀਝਾਂ ਨਾਲ
ਕਿਨਾਰਿਆਂ ਕੱਢੇ ਫੁੱਲ
ਇਸਤਰ੍ਹਾਂ ਸੱਜੇ
ਵੇਖ ਵੇਖ ਮਨ ਰੱਜੇ।
ਮੌਸਮ ਵਿਚ ਆਈ ਤਬਦੀਲੀ
ਸੂਰਜ ਦਗਿਆ
ਤਾਪਮਾਨ ਵਧਿਆ
ਕੋਮਲ ਫੁੱਲ ਮੁਰਝਾਏ
ਸੂਰਜ ਤੇਜ ਸਹਿ ਨਾ ਪਾਏ
ਟਾਹਣੀਆਂ ਉਤੇ ਸੁੱਕੇ
ਪੱਤੀ ਪੱਤੀ ਟੁੱਟੇ।
ਮਨ ਹੋਇਆ ਉਦਾਸ
ਫਿਰ ਵੀ-
ਇਹ ਕੈਸੀ ਆਸ
ਅਕਾਸ਼ ਤੇ ਬੱਦਲ ਛਾਏ
ਵਰਖਾ ਰਿਮਝਿਮ ਬਰਸੇ
ਬੂਟਿਆਂ ਉਤੇ ਫੁੱਲ ਟਹਿਕ ਪਏ
ਸੱਜਰੇ ਸੋਹਣੇ ਉਹ ਮਹਿਕ ਪਏ
ਸੈਨਤਾਂ ਕਰਦੇ-
ਸੁਣ ਸਖੀ!
ਆਖ ਕੋਲ ਬੁਲਾਉਂਦੇ
ਕੁਦਰਤ ਦਾ ਸੱਚ ਸੁਣਾਉਂਦੇ
ਅਵਾਗੌਣ ਦਾ ਭੇਤ ਸਮਝਾਉਂਦੇ।

-ਜੁਲਾਈ 2011

## ਪੀੜਾਂ ਦੀ ਝਾਲਰ

ਅੱਖਾਂ ਵਿਚ ਨਮੀ ਸੀ
ਹੋਠਾਂ 'ਤੇ ਖ਼ੁਸ਼ੀ ਸੀ
ਬੇਬਸ ਤੁਰਦੀ
ਰਾਹਾਂ ਵਿਚ ਖਲੋ ਕੇ
ਹੰਝੂਆਂ ਨੂੰ ਰੋਕ ਕੇ
ਆ ਸਾਹਮਣੇ ਮਿਲੀ ਸੀ ਜ਼ਿੰਦਗੀ।
ਮਲੂਕ ਸੀ
ਬੇਬਾਕ ਸੀ
ਅੱਥਰੀ ਅਵੱਲੀ
ਦਿਸਹੱਦਿਆਂ ਤਕ
ਪਹੁੰਚਣ ਦਾ ਚਾਅ
ਆ ਸਾਹਮਣੇ ਮਿਲੀ ਸੀ ਜ਼ਿੰਦਗੀ।
ਜਜ਼ਬਾਤਾਂ ਦਾ
ਕਲਾਵਾ ਭਰ
ਰੀਝਾਂ ਦੇ ਧਾਗੇ ਨਾਲ
ਵਕਤ ਦਾ ਝੱਗਾ ਸਿਉਂਦੀ
ਪੀੜਾਂ ਦੀ ਝਾਲਰ ਲਾਉਂਦੀ
ਆ ਸਾਹਮਣੇ ਮਿਲੀ ਸੀ ਜ਼ਿੰਦਗੀ।
ਕਤਾਰ ਵਿਚ
ਰਿਸ਼ਤੇ ਖਲੋਤੇ ਸਨ
ਮਾਂ ਪਿਉ ਜਾਏ
ਗ੍ਰਹਿਸਤੀ ਪ੍ਰਨਾਏ
ਫਰਜ਼ ਨਾਲ ਦੋਸਤੀ ਪਾਉਂਦੀ
ਆ ਸਾਹਮਣੇ ਮਿਲੀ ਸੀ ਜ਼ਿੰਦਗੀ।

ਜੁਲਾਈ 2014

## ਤ੍ਰਿਸ਼ਨਾ

ਲਾਸ਼ ਤੇਰੇ ਪ੍ਰੇਮ ਦੀ
ਮੋਢਿਆਂ 'ਤੇ ਚੁੱਕੀ
ਤੁਰ ਰਹੀ
ਲਮਹੇ, ਦਿਨ
ਮਹੀਨੇ, ਸਾਲ
ਵਧ ਰਿਹਾ ਇਸਦਾ
ਭਾਰ
ਲਗਾਤਾਰ,
ਰੇਗਿਸਤਾਨ ਵਿਚ
ਪਾਣੀ ਦਾ ਭੁਲੇਖਾ
ਤ੍ਰਿਸ਼ਨਾ ਕਦੀ
ਨਾ ਮੁਕਦੀ
ਹਰਿਆਲੀ ਕਿਥੇ
ਉਗਦੀ,
ਫਜ਼ੂਲ ਭਟਕਣਾ
ਸੱਸੀ ਜਿਹੀ
ਵਿਅਰਥ ਹੈ
ਪੁੰਨੂ ਦੀ ਭਾਲ,
ਰੇਤ ਵਿਚ
ਕਬਰ ਖੋਦ ਕੇ
ਲਾਸ਼ ਦਫਨ ਕਰਾਂ
ਕਬਰ ਤੇ ਲਿਖਾਂ
ਪੁੰਨੂ ਏਥੇ ਸੱਸੀ ਨੂੰ
ਲੱਭਦਾ ਆਵੇਗਾ?
ਕੇਹੀ ਇਹ ਦੋਚਿਤੀ
ਕੇਹੀ ਇਹ ਦੋ-ਦਿਲੀ
ਕੇਹਾ ਇਹ ਇੰਤਜ਼ਾਰ.....

–ਅਪ੍ਰੈਲ 2007

# ਜਗਜੀਤ ਨੂੰ ਰੁਸਵਾ ਨਾ ਕਰੋ

ਜਗਜੀਤ ਨੂੰ ਲੋਕਾਂ ਦਾ
ਰਹਿਣ ਦਿਉ
ਕਿਸੇ ਜ਼ਾਤ* ਵਿਸ਼ੇਸ਼ ਨਾਲ
ਜੋੜ ਕੇ, ਉਸਨੂੰ
ਰੁਸਵਾ ਨਾ ਕਰੋ
ਜਗ-ਜੀਤ ਦੀਆਂ ਸੁਰਾਂ
ਜਗ ਜਿੱਤਿਆ
ਸੰਗੀਤ ਨਾਲ ਪਰਨਾਇਆ
ਉਹਦੀ ਰੂਹ ਵਿਚ ਗਾਉਂਦੇ ਗੀਤ
ਲਫ਼ਜ਼ਾਂ ਦੇ ਰਾਜ਼ ਖੋਲ੍ਹਦਾ
ਗਾਉਂਦਾ
ਮਾਅਨੇ ਮਿਸਰੇ ਦੇ
ਲੋਕਾਂ ਦੇ ਬਣ ਜਾਂਦੇ,
ਜਾਦੂਗਰ ਉਹ
ਸੋਜ਼ ਭਰੀ ਆਵਾਜ਼ ਨਾਲ
'ਗਾਲਿਬ' ਦੇ ਦਿਲ ਵਿਚ
ਬਹਿਕੇ
ਉਹਦੀਆਂ ਗ਼ਜ਼ਲਾਂ ਵਿਚ
ਸੁਰਮਈ ਸੁਰ ਭਰ ਕੇ
ਮਹਾਂ ਸ਼ਾਇਰ ਨੂੰ ਗਾਇਆ,
ਗ਼ਜ਼ਲ ਅਪਸਰਾ
ਉਹਦੀ ਸੁਰ ਵਿਚ
ਸੁੰਦਰ ਰਾਜਕੁਮਾਰੀ ਲਗਦੀ,
ਜਗਜੀਤ ਅਲਾਪ ਛੋਂਹਦਾ
ਕੋਈ ਨਰਤਕੀ ਘੁੰਗਰੂ
ਪਾ ਕੇ
ਨਾਚ ਪਈ ਕਰਦੀ,
ਹਾਰਮੋਨੀਅਮ ਨੂੰ

ਸਪਰਸ਼ ਜਦ ਕਰਦਾ
ਸਾਰੇ ਸਾਜ਼ ਗੌਣ ਲਗਦੇ
ਉਹ ਗ਼ਜ਼ਲ ਸਮਰਾਟ,
ਸੰਗੀਤ, ਗ਼ਜ਼ਲ ਤੇ ਗੀਤ
ਸਿਰਨਾਵਾਂ ਹੈ ਜਗਜੀਤ
ਵਜੂਦ ਤੋਂ ਰੂਹ ਤਕ
ਸਫ਼ਰ ਕਰਦਾ ਉਹਦਾ ਸੰਗੀਤ
ਲੋਕਾਂ ਪਰਨਾਇਆ
ਲੋਕਾਂ ਅਪਨਾਇਆ
ਸਦੀਆਂ ਤਕ ਉਹਦਾ
ਮਾਣ ਵਧੇਰੇ
ਜਗਜੀਤ ਨੂੰ ਲੋਕਾਂ ਦਾ
ਰਹਿਣ ਦਿਉ
ਕਿਸੇ ਜ਼ਾਤ ਵਿਸ਼ੇਸ਼ ਨਾਲ
ਜੋੜ ਕੇ,
ਉਹਦੀ ਸ਼ਖ਼ਸੀਅਤ ਨੂੰ
ਰੁਸਵਾ ਨਾ ਕਰੋ।

–ਦਸੰਬਰ 2011

*ਜਗਜੀਤ ਸਿੰਘ ਦੇ ਜ਼ਿੰਦਗੀ ਨੂੰ ਅਲਵਿਦਾ ਕਹਿ ਜਾਣ ਪਿਛੋਂ ਕੁਝ ਲੋਕਾਂ ਨੇ ਇਸ ਅਜ਼ੀਜ਼, ਅਜ਼ੀਮ ਗਾਇਕ ਦੇ ਨਾਮ ਦੀ ਪਛਾਣ ਉਹਦੀ ਪਰਿਵਾਰਕ ਗੋਤ ਨਾਲ ਕਰਨ ਦੀ ਕੋਸ਼ਿਸ਼ ਕੀਤੀ।

# ਜਗਜੀਤ ਸਿੰਘ

ਜਗਜੀਤ ਗਾਉਂਦਾ ਤਾਂ ਲਗਦਾ
ਗਜ਼ਲ ਸ਼ਿੰਗਾਰ ਕਰਕੇ
ਮਹਿਬੂਬ ਨੂੰ ਮਿਲਣ ਤੁਰੀ ਹੋਵੇ
ਉਦਾਸ ਤਰਾਨਾ ਜਦ ਗਾਉਂਦਾ
ਮੇਢੀਆਂ ਖੋਲ੍ਹ ਕੇ ਬਿਰਹਣ
ਇੰਤਜ਼ਾਰ ਦੀ ਦਹਿਲੀਜ਼ ਵਿਚ
ਬੈਠੀ ਨਜ਼ਰ ਆਵੇ
ਜਦ ਬਚਪਨ ਦੀ ਨਜ਼ਮ ਪੜ੍ਹੇ
ਕਾਗਜ਼ ਦੀ ਕਿਸ਼ਤੀ ਵਿਚ
ਬਹਿਕੇ ਹਰ ਕੋਈ
ਬਚਪਨ ਦੀਆਂ ਗਲੀਆਂ ਵਿਚ
ਸੈਰ ਨੂੰ ਨਿਕਲ ਜਾਵੇ।

–ਨਵੰਬਰ 2013

## ਅੰਤਰਮਨ ਵਿਚ

ਜਜ਼ਬਿਆਂ 'ਤੇ ਜੰਮ ਗਈ ਕਾਈ
ਮਨ ਦੇ ਪੈਰ ਕਦਮ ਧਰਦੇ
ਦਲਦਲ ਵਿਚ ਫਸਦੇ
ਖੜ੍ਹੀ ਖਲੋਤੀ ਜੜ੍ਹ ਹੋ ਗਈ,
ਸੁਨਾਮੀ ਵਾਪਰੀ
ਕਿੰਨੇ ਹਾਦਸੇ
ਕਿੰਨੇ ਜ਼ਲਜ਼ਲੇ
ਅੱਖਾਂ ਸੁੰਞੀਆਂ
ਨਾ ਰੁੰਨੀਆਂ
ਕੀ ਹੋਇਆ ?
ਨਾ ਜਜ਼ਬੇ ਜਿਉਂਦੇ
ਨਾ ਅਹਿਸਾਸ
ਨਾ ਬੇਆਸ
ਨਾ ਕੋਈ ਆਸ
ਹੰਝੂਆਂ ਦੇ ਕਾਫ਼ਲੇ
ਬਣਵਾਸ ਕਰ ਗਏ
ਰੇਗਿਸਤਾਨ ਵਿਚ
ਇਕੱਲਾ ਰੁੱਖ ਖੜ੍ਹਾ
ਪੱਤੇ ਨਾ ਕਰਨ
ਸਰਗੋਸ਼ੀਆਂ–
ਪੌਣ ਸੰਗ
ਨਾ ਪੰਛੀ ਆਉਂਦੇ
ਨਾ ਉਹ ਗਾਉਂਦੇ
ਹੌਲੀ ਹੌਲੀ
ਅੰਤਰਮਨ ਵਿਚ
ਹਰੀ ਕਾਈ ਜੰਮ ਗਈ...।

–ਅਕਤੂਬਰ 2005

## ਰਾਜਕੁਮਾਰੀ

ਹੰਝੂ ਹਮੇਸ਼ਾ
ਉਦਾਸ ਤੇ ਅਣਜਾਣ
ਨਹੀਂ ਹੁੰਦੇ
ਕਦੀ ਚਾਹੇ ਅਣਚਾਹੇ
ਅੱਖਾਂ ਵਿਚ ਆਉਂਦੇ,
ਹੰਝੂ ਕਈ ਵੇਰਾਂ
ਨਕਲੀ ਹੁੰਦੇ
ਕੁਫ਼ਰ ਤੋਲਦੇ
ਫਰੇਬ ਕਮਾਉਂਦੇ
ਨੈਣ ਕਟੋਰੇ ਭਰਦੇ
ਜ਼ਿੰਦਗੀ ਵਿਹੜੇ
ਰਾਸ ਰਚਾਉਂਦੇ
ਰਾਹ ਭਟਕਾਉਂਦੇ
ਝੂਠ ਨੂੰ ਸੱਚ
ਕਰ ਵਿਖਾਉਂਦੇ,
ਕਦੀ ਮੁਸ ਮੁਸ
ਦਿਲ ਵਿਚ ਰੋਂਦੇ
ਭਾਵਾਂ ਵਿਚ ਬੋਲਦੇ
ਬੂੰਦ ਬੂੰਦ ਕਿਰਦੇ
ਮਨ ਦੇ ਡੂੰਘੇ ਸਾਗਰ
ਭਰਦੇ
ਅਹਿਸਾਸਾਂ ਦੀਆਂ ਸਿੱਪੀਆਂ
ਵਿਚ ਪਲਦੇ,
ਹੰਝੂ ਜ਼ਿੰਦਗੀ ਦਾ
ਰੂਪ ਵੀ ਹੁੰਦੇ
ਇਹ ਖ਼ੁਸ਼ੀ ਦਾ
ਦੂਤ ਵੀ ਹੁੰਦੇ
ਹੰਝੂ ਆਉਂਦੇ ਜਾਂਦੇ

ਰੰਗ ਵੀ ਹੁੰਦੇ,
ਸੱਤੇ ਸੁੱਚੇ ਰੰਗ
ਜ਼ਿੰਦਗੀ ਵਿਚ ਲੱਭਦੀ
ਅੱਖਾਂ ਵਿਚ ਅੱਥਰੂ ਭਰੀ
ਲੋਕ-ਕਹਾਣੀ ਦੀ
ਰਾਜਕੁਮਾਰੀ ਵਾਂਗ
ਉਹ ਇਕ ਵਾਰ ਹੱਸੀ
ਇਕ ਵਾਰ ਰੋਈ,
ਹੰਝੂ ਹਮੇਸ਼ਾ ਅਣਚਾਹੇ
ਅਣਜਾਣ ਨਹੀਂ ਹੁੰਦੇ।

-ਨਵੰਬਰ 2006

# ਉਹ ਹੱਸਣਾ ਭੁੱਲ ਗਈ

**1**

ਸਮਾਈਲ ਪਲੀਜ਼
ਫੋਟੋਗਰਾਫਰ ਆਖਦਾ
ਹੋਠਾਂ 'ਤੇ ਮਸਨੂਹੀ ਮੁਸਕਾਨ
ਅੱਖਾਂ ਵਿਚ ਵੀਰਾਨੀ ਛਾਈ
ਚਿਹਰੇ 'ਤੇ ਖ਼ੁਸ਼ੀ ਦਾ ਨਕਾਬ ਪਾਇਆ
ਫੋਟੋ ਖਿਚਵਾਈ
ਕੁਝ ਸਮਝ ਜਦ ਆਈ
ਦਿਲ ਦੇ ਬੰਦ ਬੂਹੇ ਪਿਛੇ ਵੇਖਿਆ
ਰੂਹ ਵਿਚੋਂ ਹਾਸਾ ਮਨਫੀ
ਵਜੂਦ ਵਿਚੋਂ ਵੀ
ਉਹ ਸਾਹ ਘੁੱਟ ਕੇ
ਹੌਲੀ ਹੌਲੀ ਮਰ ਰਿਹਾ।

2

ਸੋਹਲ ਸੁੱਨਖੀ ਉਮਰ ਵਿਚ
ਕਿੰਜ ਉਹ ਹੱਸਦੀ
ਹੱਸਦਿਆਂ ਸਭ ਭੁੱਲ ਜਾਂਦੀ
ਸਭ ਕੁਝ ਆਪਣਾ ਲਗਦਾ
ਕਾਇਨਾਤ ਉਹਦੇ ਅੰਦਰ ਵੱਸਦੀ
ਸੰਗ ਉਸਦੇ ਹੱਸਦੀ
ਵਕਤ ਦੇ ਪ੍ਰਛਾਵੇਂ ਨਾਲ
ਉਮਰ ਤੁਰੀ
ਪੈਰੀਂ ਰੇਤ ਤਪੀ
ਹੱਸਣਾ ਭੁੱਲ ਗਈ।

3

ਸੁਪਨਾ ਆਉਂਦਾ
ਹੱਸ ਨਾ ਸਕਦੀ
ਸਾਹ ਨਿੱਕੇ ਨਿੱਕੇ ਹੁੰਦੇ ਜਾਂਦੇ
ਸਿਸਕੀਆਂ ਦੀ ਆਵਾਜ਼
ਸੁਣੀਂਦੀ
ਅੰਞਾਣੀ ਬਾਲੜੀ ਰੋਂਦੀ
ਰਹਿੰਦੀ
ਹਕੀਕਤ ਦੀ ਉਹ ਉਂਗਲੀ ਫੜ ਕੇ
ਨਾਲ ਤੁਰੀ
ਨਖ਼ਲਿਸਤਾਨ ਵਿਚ ਪਹੁੰਚੀ
ਮ੍ਰਿਗਤ੍ਰਿਸ਼ਨਾ,
ਕੁਝ ਨਾ ਅਸਲੀ
ਮਾਰੂਥਲ ਵਿਚ ਆਪਣਾ ਘਰ
ਲੱਭਦੀ
ਹੱਸਣਾ ਭੁੱਲ ਗਈ।

4

ਅਲਫਾਜ਼ ਗੂੰਗੇ ਬਹਿਰੇ
ਖ਼ਾਮੋਸ਼ੀ ਕੋਲੋਂ ਸੁਣੀ,
ਦਿਲ ਦੀ ਦਾਸਤਾਨ
ਦੁਨੀਆਂਦਾਰੀ ਦਾ ਭੇਤ
ਜਦ ਪਾਇਆ
ਵੈਰਾਗ ਤੇ ਦੀਵਾਨਗੀ ਨੂੰ
ਆਪਣੇ ਆਪ ਤੇ ਡਾਢਾ
ਹਾਸਾ ਆਇਆ –'ਤੇ ਫਿਰ
ਉਹ ਹੱਸਣਾ ਭੁੱਲ ਗਈ।

–ਜੁਲਾਈ 2013

# ਅਲਵਿਦਾ-1

ਆਈਸਕ੍ਰੀਮ ਦੀ ਦੁਕਾਨ ਕੋਲੋਂ
ਲੰਘਦਿਆਂ
ਸੌਫਟ ਆਈਸਕ੍ਰੀਮ ਖਰੀਦਣੀ ਚਾਹੀ
ਕੁਝ ਝਿਜਕੀ
ਕੁਝ ਸ਼ਰਮਾਈ, ਸਕੁਚਾਈ
ਆਪਣੇ ਆਪ ਨੂੰ
ਸਿਦਕਵਾਨ ਹੋਣ ਦਾ
ਦਿਤਾ ਵਖਿਆਨ
ਮੱਤਾਂ ਦੇਵੇ
ਘਬਰਾਈ ਸੋਚ,
ਕੌਨ ਫੜਕੇ
ਆਈਸਕ੍ਰੀਮ ਦੀ
ਬਜ਼ਾਰ ਵਿਚ ਤੁਰਦੀ
ਆਈਸਕ੍ਰੀਮ ਦਾ ਸਵਾਦ ਮਾਣਦੀ
ਇਸ ਉਮਰ ਵਿਚ
ਜ਼ਰਾ ਨਾ ਸੱਜਦੀ
ਮੇਰੇ ਅੰਦਰੋਂ
ਨਟਖਟ ਬੇਪਰਵਾਹ ਬੱਚਾ
ਕਦੋਂ ਵਿਦਾ ਹੋ ਗਿਆ
ਚੁਪ ਚੁਪੀਤੇ......

–ਅਗਸਤ 2011

## ਅਲਵਿਦਾ-2

ਭੀੜ ਵਿਚ ਤੁਰਦੀ
ਵੇਖੀ ਮੁਟਿਆਰ
ਰੌਸ਼ਨ ਚਿਹਰਾ
ਮੁਰਕੀ ਸੋਨ ਸੁਨਿਹਰੀ
ਨੱਕ ਵਿਚ ਪਾਈ
ਵਾਲਾਂ ਵਿਚ ਕੁੰਡਲ ਬਣਵਾਏ
ਮੱਥੇ ਤੇ ਖੇਡਣ
ਬੇਪਰਵਾਹ ਉਹ
ਸੋਹਣੀ ਲੱਗੇ।
ਸੁਪਨੇ ਬੈਠੇ ਪਲਕਾਂ 'ਤੇ
ਮੁਸਕਰਾਉਂਦੇ,
ਨੈਣੀਂ ਕੱਜਲ ਪਾਉਂਦੇ
ਤੁਰਦੀ ਲਗਦੀ
ਗੱਜਗਾਮਨੀ,
ਫਿਰ ਵੇਖਿਆ
ਇਕ ਜਵਾਨ
ਸ਼ੇਰ ਦਾ ਮੂੰਹ ਗਰਦਨ 'ਤੇ
ਛਪਿਆ, ਬਾਕੀ ਛਾਪਾ
ਛਾਤੀ ਵਲ ਵਧਿਆ
ਗਰਦਨ ਤੋਂ ਦਿਲ ਵਲ
ਸ਼ੇਰ ਦੀ ਮੂਰਤ ਉੱਤਰ ਜਾਵੇ
ਟੈਟੂ ਅਖਵਾਏ,
ਕਮੀਜ਼ ਉਤੇ ਜੰਗਲ ਦੀ ਛਾਇਆ
ਕੈਲੀਕੋ–ਸਚਿਤਰ
ਸੋਹਣੀ ਲੱਗੇ
ਅਲਮਸਤ ਨਿਗਾਹ, ਬੇਪਰਵਾਹ
ਜੀਨ ਵਿਚ ਫੱਬੇ।

ਪੈਰੀਂ ਖੁਲ੍ਹੇ ਵੱਡੇ
ਸਪੋਰਟਸ ਸ਼ੂ ਪਾਈ
ਜਿਧਰ ਚਾਹੇ
ਆਵੇ ਜਾਵੇ,
ਯਾਦਾਂ ਵਿਚ ਤੁਰਦੀ, ਆਪਣੇ
ਪੈਰਾਂ ਵਲ ਵੇਖਾਂ
ਕਿੱਧਰ ਜਾਵਾਂ
ਜ਼ਿੰਦਗੀ ਕਿਥੋਂ
ਲੱਭ ਲਿਆਵਾਂ,
ਅੱਲ੍ਹੜ ਉਮਰ ਲੱਭਦੀ
ਜੰਗਲ ਵਿਚ ਜਾਵਾਂ
ਰੁੱਖਾਂ ਦੀ ਝਿਲਮਿਲ
ਛਾਂ ਵਿਚ
ਮੁਰਕੀ ਪਾਈ ਨੱਕ ਵਿਚ
ਕੁੜੀ ਲਿਸ਼ਕੀ
ਮੱਥੇ ਘੁੰਗਰਾਲੇ ਵਾਲ
ਤੇ ਸੁਪਨੇ ..........
ਸੁਪਨੇ ਕਿਧਰ ਤੁਰ ਗਏ ?
ਜੰਗਲ ਮੇਰੇ ਅੰਦਰੋਂ ਕਦ
ਕਦੋਂ ਵਿਦਾ ਹੋ ਗਿਆ
ਚੁਪ ਚੁਪੀਤੇ ........

–ਅਗਸਤ 2011

# ਅਮੀਰ ਮੈਂ-ਰਾਣੀ ਮਹਾਂਰਾਣੀ

ਘਰ ਵਿਚ ਮੇਰੇ ਵਲੋਂ
ਖ਼ਰੀਦੀਆਂ ਪੁਸਤਕਾਂ ਅੱਧਪੜ੍ਹੀਆਂ ਅਖ਼ਬਾਰਾਂ
ਰਸਾਲਿਆਂ ਦੇ ਢੇਰ
ਲੱਗ ਜਾਂਦੇ ਹਨ
ਪੜ੍ਹੀਆਂ ਪੁਸਤਕਾਂ
ਅਲਮਾਰੀਆਂ ਵਿਚ ਰਖਦੀ
ਅੱਖਰਾਂ ਨਾਲ ਪਿਆਰ
ਕਰਨ ਲਈ
ਫਿਰ ਪੜ੍ਹਨ ਲਈ,
ਭੇਤ ਇਹਨਾਂ ਵਿੱਚੋਂ ਪਾਇਆ
ਰਮਜ਼ ਦਿਲਾਂ ਦੀ ਜਾਨਣ
ਤਨਹਾ ਪਲਾਂ ਵਿਚ
ਦੋਸਤ ਪਾਤਰਾਂ ਨਾਲ
ਪ੍ਰੇਮ ਗੀਤ ਗੌਂਦਿਆਂ
ਬਿਰਹਾ ਰੁੱਖ ਦੀ ਛਾਵੇਂ
ਬੈਠਣ ਨੂੰ ਦਿਲ ਕਰਦਾ
ਦੁਖ ਸੁਖ ਕਰਨ ਲਈ
ਇਹੋ ਮੇਰੇ ਹਾਣੀ
ਜਿਹਨਾਂ ਮੇਰੀ ਜ਼ਾਤ ਪਛਾਣੀ
ਜੀਵਨ ਦੀ ਗੁਫਾ ਵਿਚ
ਚੱਕਰਵਿਯੂ ਵਿਚ ਗੁੰਮਦੀ
ਅਭਿਮਨਯੂ ਵਾਂਗ ਰਾਹ ਭੁੱਲਦੀ
ਕਿਧਰੇ ਲਿਖਿਆ ਗੀਤਾ ਉਪਦੇਸ਼
ਬੁੱਲ੍ਹਾ ਨੱਚਦਾ ਮਿਲਦਾ
ਸੱਚ ਦੀ ਸੱਦ ਉਹ ਲਾਉਂਦਾ
ਕੁੰਤਾ ਕਿੰਟੇ ਆਪਣੇ ਨਾਮ ਦੀ
ਸ਼ਨਾਖਤ ਲਈ ਛਟਪਟਾਉਂਦਾ

ਪੂਰਨ ਸਿੰਘ ਹੈ ਗਾਉਂਦਾ
ਮਿੱਠੜੇ ਗੀਤ
'ਬ੍ਰਾਹਮਣ ਕੰਨਿਆ' ਰਾਹ ਵਿਖਾਵੇ
ਰਾਹ ਰੌਸ਼ਨ ਕਰਦਾ ਤੁਰਦਾ 'ਵੈਂਕਟੇਸ਼ਵਰ'
'ਨੀਲ ਕੰਠ ਪੰਖੀ' ਨੂੰ ਭਾਲਣ
ਖੇਤਾਂ ਵਿਚ ਜਾਵਾਂ
'ਆਰਯਣਕ' ਵਿਚ ਜੰਗਲ ਵਾਸੀ ਬਣਕੇ
'ਬੰਦੋਪਾਧਿਆਏ' ਦੀ ਮਿੱਤਰ ਬਣ ਜਾਵਾਂ
'ਸਿਮੋਨ ਫਿੰਕਨ ਔਖ' ਤੇ 'ਹੰਸ' ਦੇ
ਮੋਤੀਆਂ ਵਿਚੋਂ ਚਾਨਣ ਪਾਵਾਂ
ਕਿੰਨੇ ਫ਼ਲਸਫੇ
ਕਿੰਨੇ ਜੁਗਨੂੰ
ਕਿੰਨੇ ਸਿਤਾਰੇ
ਚੰਨ ਤੇ ਸੂਰਜ
ਕਿਸ ਤਰ੍ਹਾਂ ਸਭ ਦਾ ਨਾਮ ਲਵਾਂ
ਸਾਰੇ ਦਿਲ ਵਿਚ ਰਹਿੰਦੇ
ਮੇਰੇ ਸਾਰੇ ਯਾਰ
ਰਾਂਝੇ ਨਾਲ ਮਿਲਕੇ
ਵਜਾਉਂਦੇ ਵੰਝਲੀ
ਮੈਂ ਉਹਨਾਂ ਦੀ ਖਿਦਮਤਗਾਰ
ਅੱਖਰ ਗਾਉਂਦੇ
ਮਨ ਨੂੰ ਭਾਉਂਦੇ
ਹਨੇਰੇ ਵਿਚ ਇਹ ਫਰਿਸ਼ਤੇ
ਰਾਹ ਵਿਖਾਉਂਦੇ
ਅੱਖਰਾਂ ਦੇ ਚਾਨਣ ਵਿਚ ਤੁਰਦੀ
ਕੋਸੀ ਧੁੱਪ ਮਿਲਦੀ
ਧੁੱਪ ਦੀ ਚਾਦਰ ਵਿਚ ਬੰਨ੍ਹਿਆ
ਸ਼ਬਦਾਂ ਦਾ ਖਜ਼ਾਨਾ
ਸਾਰਾ ਮੇਰਾ

ਅਮੀਰ ਮੈਂ ਰਾਣੀ-ਮਹਾਂਰਾਣੀ
ਵਰਜਿਤ ਆਖੇ,
ਹੂੰ!
ਗ਼ਰੀਬ ਤੂੰ ਸਾਰੀ ਦੀ ਸਾਰੀ
ਬੜੀ ਵਿਚਾਰੀ
ਕਿਤਾਬਾਂ ਸਾਂਭ ਕੇ ਰੱਖੀਆਂ
ਦਰਿਦਰ ਘਰ ਵਿਚ ਪਾਇਆ
ਕਿਸਦੀ ਤੇਰੇ 'ਤੇ ਛਾਇਆ
ਹਰ ਹਫ਼ਤੇ ਆਉਣ
ਕੂੜਾ ਚੁੱਕਣ ਵਾਲੀਆਂ ਗੱਡੀਆਂ
ਕਿਉਂ ਨਹੀਂ ਕਿਤਾਬਾਂ
ਗਾਰਬੇਜ ਨਾਲ ਘਰੋਂ ਕੱਢਦੀ......
ਦਿਲ ਦੇ ਬੂਹੇ ਬੰਦ ਹੋ ਗਏ
ਕਿਸ ਨੂੰ ਕਹਾਂ ਇਹ ਕਥਾ
ਕਿੰਜ ਲਿਖਾਂ ਮਨ ਦੀ ਦਸ਼ਾ
ਕਿਤਾਬਾਂ ਰਸਾਲੇ-ਅੱਖਰਾਂ ਦੇ ਅੰਬਾਰ
ਮੇਰੇ ਲਾਲ ਮਾਣਕ ਮੋਤੀ
ਚਾਨਣ ਦਾ ਭੰਡਾਰ
ਜ਼ਿੰਦਗੀ ਦੀ ਚਾਦਰ ਵਿਚ ਬੰਨ੍ਹੇ
ਮੇਰੀ ਲਾਸ਼ ਦੇ ਨਾਲ
ਇਹਨਾਂ ਨੂੰ ਵੀ ਬੂਹਿਓਂ ਕੱਢਣਾ
ਸ਼ਮਸ਼ਾਨ ਵਿਚ ਇਹ ਪੰਡ ਖੋਲ੍ਹ ਕੇ
ਚਿਤਾ ਬਣਾਉਣੀ
ਉਤੇ ਰੱਖਕੇ ਮੇਰੀ ਦੇਹ ਨੂੰ
ਅੱਗ ਵਿਖਾਉਣੀ
ਅੰਤਿਮ ਯਾਤਰਾ ਵਿਚ-
ਅੱਖਰ ਮੇਰੇ ਨਾਲ ਜਾਣਗੇ
ਸੰਸਕਾਰ ਦੀ ਲਕੜੀ ਖਰੀਦਣ ਵਾਸਤੇ
ਤੁਹਾਡੇ ਰੁਪਏ ਬਚ ਜਾਣਗੇ।

-ਅਪ੍ਰੈਲ 2011

# ਕੌਣ ਹਾਂ ਮੈਂ

ਵਕਤ ਦੇ ਆਰ ਪਾਰ ਜਿਉਂਦੀ
ਪੈਰਾਂ ਦਿਆਂ ਛਾਲਿਆਂ ਨਾਲ–
ਸਾਂਝ ਪਾਈ, ਤੁਰ ਰਹੀ
ਖਵਰੇ ਕਿਸ ਸਮੇਂ ਦੀ
ਮੈਂ ਹਾਂ ਸੱਸੀ
ਜਾਂ ਜੰਗਲ ਵਿਚ
ਉੱਡਦਾ ਪੰਛੀ
ਨਗਰ ਨਗਰ ਡਗਰ ਡਗਰ
ਖਾਨਾਬਦੋਸ਼ ਕੋਈ
ਭੌਂਦੀ ਰੂਹ
ਕੌਣ ਹਾਂ ਮੈ?
ਜਿਸਦੇ ਅੰਦਰ ਹਮੇਸ਼ਾ
ਸੱਧਰ ਰੋਂਦੀ
ਆਜ਼ਾਦੀ ਲਈ ਛਟਪਟਾਉਂਦੀ
ਮੌਸਮ ਵਿਚ ਬਾਰਸ਼ਾਂ ਵਰ੍ਹਦੀਆਂ
ਭਿੱਜਦੀ
ਸਮੁੰਦਰ ਬਣੀ, ਮਾਰੂਥਲ ਜਿਉਂਦੀ
ਕੌਣ ਹਾਂ ਮੈਂ?
ਜਿਸਨੂੰ ਪਰਬਤ ਬੇਲੇ ਗਾਹੁੰਦੇ
ਭਿਖ਼ਸ਼ੂ ਨਜ਼ਰ ਆਉਂਦੇ
ਸਿੱਲ ਪੱਥਰਾਂ ’ਤੇ
ਮੂਰਤਾਂ ਵਾਹੁੰਦੇ
ਗੁਫ਼ਾ ਵਿਚ ਸੌਂਦੇ
ਸੂਰਜ ਚੜ੍ਹਦੇ
ਪਿੰਡ ਗਰਾਂ ਭਾਉਂਦੇ
ਅਲਖ ਜਗਾਉਂਦੇ
ਸਾਈਂ ਦੇ ਨਾਮ ਦੀ
ਮਨ ਵਿਚ ਹਰਿਆਲੀ ਛਾਈ
ਪੰਛੀਆਂ ਦੇ ਗੀਤ ਸੁਣਦੇ.....।

–ਜੁਲਾਈ 2011

# ਮਕਸਦ

ਕੁਝ ਲੋਕ ਜ਼ਿੰਦਗੀ
ਇੰਜ ਬਿਤਾਉਂਦੇ
ਸਿਗਰਟ ਦੇ ਧੂੰਏ ਦੇ
ਛੱਲੇ ਬਣਾ, ਉਡਾਉਂਦੇ
ਉਹਨਾਂ ਵਿਚ ਗੋਲ ਗੋਲ ਘੁੰਮਦੇ
ਰਾਹਤ ਪਾਉਂਦੇ।
ਕੁਝ ਲੋਕ
ਰਾਮੂ ਮੋਚੀ
ਰਤਨਾ ਰਿਕਸ਼ੇ ਵਾਲਾ
ਹਸਨ ਚਾਹ ਵਾਲਾ
ਨਾਲ ਘੁਲ ਮਿਲ ਜਾਂਦੇ
ਉਹਨਾਂ ਨਾਲ ਜਿਉਂਦੇ
ਧੂੰਏ ਦੇ ਛੱਲਿਆਂ ਵਿਚੋਂ
ਰੌਸ਼ਨੀ ਦੀ ਲਕੀਰ ਵੇਖਦੇ
ਚਾਨਣ ਨੂੰ ਮਿਲਦੇ
ਰਾਮੂ, ਰਤਨਾ, ਹਸਨ ਦੀਆਂ
ਸਮੱਸਿਆਵਾਂ 'ਤੇ
ਹੱਕਾਂ ਵਾਸਤੇ
ਹਾਕਮਾਂ ਨਾਲ ਟਕਰਾਉਂਦੇ
ਜ਼ਿੰਦਗੀ ਜਿਉਣ ਦਾ
ਮਕਸਦ ਪਾਉਂਦੇ।

–ਜਨਵਰੀ 2005

# ਜ਼ਿੰਦਗੀ

ਜ਼ਿੰਦਗੀ ਚਾਹੇ ਨਾ ਖਰਚੀਏ
ਆਪੇ ਹੀ ਪੁੱਗਦੀ ਜਾਂਦੀ ਏ
ਖਰਚਦਿਆਂ ਇਸਨੂੰ
ਵਰ੍ਹਿਆਂ ਦੀ ਰਾਸ
ਮੁੱਕਦੀ ਜਾਂਦੀ ਏ।
ਮਹੀਨੇ ਦੇ ਆਖ਼ਰੀ
ਦਿਨਾਂ ਵਾਂਗ
ਬਟੂਏ ਵਿਚ
ਥੋੜ੍ਹੀ ਜਿਹੀ ਪੂੰਜੀ
ਬਾਕੀ ਏ
ਇਸ ਨਾਲ
ਤਾਜ ਮਹੱਲ ਦੀ ਮੁਰੰਮਤ
ਨਹੀਂ ਹੋ ਸਕਦੀ
ਇਸਦੀ ਇੱਟ
ਵਰ੍ਹਾ-ਦਰ-ਵਰ੍ਹਾ
ਘਟਨਾ-ਦਰ-ਘਟਨਾ
ਟੁੱਟਦੀ ਜਾਂਦੀ ਏ,
ਜ਼ਿੰਦਗੀ ਦੀ ਕਬਰ ਵਿਚ
ਦਫ਼ਨ ਹਨ
ਹਸਰਤਾਂ, ਵਾਅਦੇ-ਕੁਝ
ਕਰਨ ਦੇ ਦਾਅਵੇ
ਰੂਹ ਬੇਚੈਨ ਭਟਕਦੀ
ਜਿੰਦ ਮੁੱਕਦੀ ਜਾਂਦੀ ਏ
ਕਿੰਨਾ ਚਿਰ ਹੋਰ......?
ਜ਼ਿੰਦਗੀ ਨੂੰ ਦਾਅਵੇ ਨਾਲ
ਖਰਚੀਏ
ਇਹ ਪੁੱਗਦੀ ਜਾਂਦੀ ਏ।

-ਅਕਤੂਬਰ 2004

# ਮੁਕਤੀ

**1**

ਹੱਥ ਵਿਚ ਕਸ਼ਕੌਲ ਫੜੀ
ਮੁਕਤੀ ਮੰਗਣ ਤੁਰੀ
ਕਈਆਂ ਅੱਖਾਂ ਵਿਚ ਸੀ ਤਰਸ
ਕੁਝ ਵਿਚ ਨਫ਼ਰਤ
ਕਈਆਂ ਆਖਿਆ ਵਿਚਾਰੀ
ਦੂਜੇ ਆਖਦੇ ਸੰਸਾਰੀ
ਅੱਖਰਾਂ ਤੋਂ ਪੁਛਿਆ, ਕਿਵੇਂ
ਹੋਵੇ ਰੌਸ਼ਨ ਰਾਹ
ਬਣੋ ਤੁਸੀਂ ਰਾਹਨੁਮਾ
ਕਿਸੇ ਤੋਂ ਮਿਲਿਆ ਨਹੀਂ ਪਤਾ
ਅੰਦਰੋਂ ਆਈ ਸਦਾ,
ਮੁਕਤੀ ਮੰਗਿਆਂ ਨਹੀਂ ਮਿਲਦੀ
ਮੁਕਤੀ ਤੇਰੀਆਂ ਸੋਚਾਂ
ਤੇਰੇ ਦਿਲ ਨਾਲ ਵਾਬਸਤਾ
ਸੋਚਾਂ ਤੇ ਜਜ਼ਬਿਆਂ ਨਾਲ
ਲੁਕਣ ਮੀਟੀ ਖੇਡਦੀ
ਵਾਰੀ ਪੁਗਾ
ਮੁਕਤੀ ਪਾ।
****

–ਜੂਨ 2001

2

ਦੇਹ ਨੂੰ ਰੂਹ ਨਾਲੋਂ
ਵਖਰਾ ਕਰੋ
ਨਾਅਰਾ ਦੇਂਦੀ
ਅਧੁਨਿਕ ਸੋਚ
ਮੁਕਤ ਕਰੋ ਤੇ
ਦੋਵਾਂ ਨੂੰ ਵਖ ਵਖ ਭਟਕਣ ਦਿਉ
ਜਾਨਵਰ ਖੁਲ੍ਹਾ ਛੱਡ ਦਿਉ
ਜੋ ਮਾਸਾਹਾਰੀ ਹੈ
ਰੂਹ ਭਟਕਦੀ ਇੱਕਲੀ
ਮੁਕਤੀ ਪਾ ਲਵੇਗੀ।

****

–ਅਪ੍ਰੈਲ 2007

3

ਪਹਿਲਾਂ ਇੰਦਰਜਾਲ ਸੀ
ਫਿਰ ਸ਼ਬਦ ਜਾਲ, ਹੁਣ
ਕੰਪਿਊਟਰ ਜਾਲ ਵਿਚ,
ਫਸ ਗਿਆ ਹੈ ਮਨੁੱਖ
ਮੁਕਤੀ ਦੀ ਖੋਜ ਵਿਚ
ਖੋਜ ਗਵਾਚ ਗਈ ਕੰਪਿਊਟਰ ਦੇ
ਚੱਕਰਵਿਯੂ ਵਿਚ
ਕੰਪਿਊਟਰ ਦੇ ਸਾਰੀ ਦੁਨੀਆਂ ਵਿਚ
ਫੈਲੇ ਸੂਤਰ
ਲੱਭ ਰਹੇ ਇਸਨੂੰ
ਕੌਣ ਕਿਸਨੂੰ ਲੱਭ ਰਿਹਾ
ਇੰਟਰਨੈੱਟ ਜਾਂ
ਕੌਣ ਲਿਖ ਰਿਹਾ
ਵਕਤ ਦੀ ਕਥਾ
ਕੀ ਪਤਾ, ਕਿਸਨੂੰ ਪਤਾ?

–ਜੂਨ 1996

# ਚਾਹ ਦੀ ਪਿਆਲੀ

ਤੂੰ ਰਸੋਈ ਵਿਚ
ਚਾਹ ਬਣਾ ਰਹੀ ਸੀ
ਮੈਂ ਡਰਾਇੰਗ ਰੂਮ ਵਿਚ ਬੈਠਾ
ਸਿਗਰਟ ਦੇ ਕਸ਼ ਲਾਉਂਦਾ
ਧੂੰਆਂ ਉਡਾ ਰਿਹਾ ਸਾਂ
ਸੋਚਣ ਲੱਗਾ.......
ਖਿਆਲ ਤੁਰ ਪਏ ਧੂੰਏ ਦੇ ਨਾਲ
ਅਤੀਤ ਵਿਚ ਜਦ ਤੂੰ
ਮੇਰੇ ਸਾਹਮਣੇ ਬੈਠੀ
ਚਾਹ ਦੀਆਂ ਚੁਸਕੀਆਂ ਲੈਂਦੀ
ਅੱਖਾਂ ਵਿਚ ਮੁਸਕਰਾਉਂਦੀ
ਮੁੱਹਬਤ ਭਰੀ ਨਜ਼ਰ ਤੇਰੀ
ਮੇਰਾ ਸਪਰਸ਼ ਕਰਦੀ
ਲਮਹਿਆਂ ਵਿਚ ਰੋਮਾਂਸ
ਭਰ ਜਾਂਦਾ
ਵਕਤ ਦੀ ਸਿੰਫਨੀ
ਸੁਣਾਈ ਦੇਂਦੀ......
ਚਾਹ ਦੀਆਂ ਪਿਆਲੀਆਂ ਦੀ
ਖਨਕ ਨਾਲ
ਵਾਪਸ ਆਇਆ, ਵੇਖਿਆ
ਤੂੰ ਸਾਹਮਣੇ ਬੈਠੀ
ਚਾਹ ਪੀ ਰਹੀ ਹੈਂ–
ਮੇਜ਼ ਤੇ
ਮੇਰਾ ਇੰਤਜ਼ਾਰ ਕਰਦੀ ਮਿਲੀ
ਚਾਹ ਦੀ ਪਿਆਲੀ
ਮੈਂ ਪਿਆਲੀ ਉਠਾਉਂਦਾ
ਤੇਰੀਆਂ ਅੱਖਾਂ ਵਿਚ ਵੇਖਦਾ

ਚਾਹ ਪੀਣ ਲਗਦਾ ਹਾਂ
ਤੇਰੀਆਂ ਅੱਖਾਂ ਵਿਚ
ਪਹਿਲਾਂ ਵਾਲੀ
ਮਸਤ ਮੁਸਕਾਨ
ਕਿਧਰੇ ਨਹੀਂ ਦਿਸਦੀ
ਨਾ ਕੋਈ ਅਹਿਸਾਸ
ਨਾ ਹੀ ਸ਼ਿੱਦਤ ਭਰੀ
ਮੁਹੱਬਤ
ਨਾ ਕੋਈ ਆਸ
ਸਾਰੇ ਇਹ ਜਜ਼ਬੇ
ਕਦੋਂ ਕਿਥੇ ਰਹਿ ਗਏ
ਕਦੋਂ ਵਕਤ ਦੀ ਨਦੀ ਵਿਚ
ਵਹਿ ਗਏ।

–ਜੁਲਾਈ 2013

## ਕਮੀਨੇ

**1**

ਤੂੰ ਜਦ ਮਿਲਿਆ, ਕਿਹਾ
ਤੂੰ ਮੇਰੀ
ਪਹਿਲੀ ਔਰਤ ਨਹੀਂ
ਤੇਰੇ ਕਬੂਲਨਾਮੇ ’ਤੇ
ਤਰਸ ਆਇਆ, ਲੇਕਿਨ
ਤੂੰ ਕਮੀਨਾ ਲੱਗਿਆ–
ਮੈਂ ਕਿਹਾ
ਮੇਰਾ ਤੂੰ ਪਹਿਲਾ ਮਰਦ ਹੈਂ
ਮੈਂ ਤਾਂ ਮੁਹੱਬਤ ਦੀ
ਮਹਿਕ ਸੰਗ ਉੱਡਦੀ–
ਚਲੀ ਆਈ, ਤੇਰੇ ਕੋਲ।

**2**

ਤੂੰ ਕਿੰਨਾ ਕਮੀਨਾ ਹੈਂ
ਜਾਣਦੀ ਹਾਂ, ਫਿਰ ਵੀ
ਤੇਰੇ ਨਾਲ ਰਹਿੰਦੀ ਹਾਂ
ਸਾਡੀ ਜਨਰੇਸ਼ਨ ਦੀ
ਮਜਬੂਰੀ ਇਹੋ
ਮਰਿਆਦਾ ਦਾ ਪਾਲਣ ਕਰੋ
ਜ਼ੁਲਮ ਸਿਤਮ ਸਹੋ
ਜ਼ਿੱਦ ਨਾ ਕਰੋ
ਸਭ ਖ਼ਾਮੋਸ਼, ਬਰਦਾਸ਼ਤ ਕਰੋ
ਖ਼ੁਸ਼ਹਾਲ ਜੀਵਨ ਜਿਊਣ ਦਾ
ਨਾਟਕ ਕਰੋ।

## 3

(ਸੁਹਿਰਦ ਦੋਸਤਾਂ ਕੋਲੋਂ ਮੁਆਫ਼ੀ ਸਹਿਤ)

ਉਹ ਦੋਸਤੀ ਦੀ ਧੁੱਪ ਵਿਚ
ਛਤਰੀ ਲੈ ਕੇ,
ਮੇਰੇ ਕੋਲ ਆਇਆ ਅਤੇ
ਛਤਰੀ ਦੀ ਛੋਟੀ ਜਿਹੀ ਛਾਂ ਦੇ
ਬਹਾਨੇ
ਮੇਰੇ ਨਾਲ ਨਾਲ ਤੁਰਦਾ
ਮੈਨੂੰ ਛੋਹਣ ਲੱਗਾ
ਹੌਲੀ ਹੌਲੀ ਮੇਰੇ ਨਾਲ
ਲਿਪਟ ਗਿਆ
ਕਮੀਨੇ! ਸੋਚਿਆ ਸ਼ੋਰ ਮਚਾਵਾਂ
ਪਰ ਮੈਂ ਚੁੱਪ ਚਾਪ
ਉਸਦੀ ਗਰਿਫ਼ਤ ਵਿਚੋਂ ਨਿਕਲੀ
ਬਿਨਾਂ ਕੁਝ ਕਹੇ
ਉਥੋਂ ਦੌੜ ਆਈ।

–ਜੁਲਾਈ 2013

# ਮਰੀ ਹੋਈ ਰੂਹ

ਕੁੰਠਾ ਦੀ ਖੁਰਲੀ ’ਤੇ ਬੈਠੇ
ਅਤੀਤ ਦਾ ਚਾਰਾ ਖਾਂਦੇ
ਬੁਢੇ ਧੌਲ ਜੁਗਾਲੀ ਕਰਦੇ
ਆਪਣਾ ਅਹਿਮ ਜਤਾਉਂਦੇ।

ਇਕ ਦੂਜੇ ਨੂੰ ਦੇਣ ਦਿਲਾਸਾ
ਆਪਣਾ ਨਿੱਜ ਪੁਗਾਉਂਦੇ
ਮਰੀ ਰੂਹ ’ਤੇ ਹੱਥ ਸੇਕਦੇ
ਬੁੱਝੀ ਹੋਈ ਅੱਗ ਜਗਾਉਂਦੇ।

ਉਮਰ ਨਾਲ ਕਰਨ ਹਮਦਰਦੀ
ਸਮੇਂ ਨੂੰ ਜੱਫੀ ਪਾਉਂਦੇ
ਜਿੱਤ ਦੇ ਨਾਅਰੇ ਲਾਉਂਦੇ
ਜਿਸਮ ਗਰਮਾਉਣਾ ਚਾਹੁੰਦੇ।

ਅੱਗਾ ਨੰਗਾ ਪਿੱਛਾ ਨੰਗਾ
ਨੰਗੇ ਬੀਚ ’ਤੇ ਨਗਨ ਖੜੇ
ਢਿਲੇ ਅੰਗ ਵਿਖਾਉਂਦੇ
ਸਮੁੰਦਰੀਂ ਨਹਾਉਣਾ ਚਾਹੁੰਦੇ।

ਸਾਗਰ ਲਹਿਰਾਂ ਤੋਂ ਡਰਦੇ
ਪਿਛੇ ਹਟਦੇ ਨੰਗ ਮੁਨੰਗੇ
ਕੇਲੇ ਦਾ ਪੱਤਰ ਨਾ ਜੁੜਿਆ
ਨੰਗ ਢੱਕਣ ਲਈ
ਭੀੜ ਇਕੱਠੀ ਕਰਨ ਦੀ ਕੋਸ਼ਿਸ਼
ਵਿਖਾਵਾ ਢੰਗ ਅਪਨਾਉਂਦੇ।

–ਅਗਸਤ 2007

## ਸ਼ਤਰੰਜ ਹਾਰੇ

ਉਹ ਸੋਚਦੇ,
ਔਰਤ ਨਾਲ ਹਮਬਿਸਤਰ ਹੋ ਕੇ
ਉਸਨੂੰ ਆਪਣਾ ਬਣਾ ਲਿਆ
ਸਾਰੀ ਨੂੰ ਪਾ ਲਿਆ
ਔਰਤ ਨਾਲ ਫਰੇਬ ਕਰਕੇ
ਦਾਅ ਲਾਉਂਦੇ, ਹੱਸਦੇ
ਯਾਰਾਂ ਬੇਲੀਆਂ ਨੂੰ
ਚਾਂਭਲ ਕੇ ਦੱਸਦੇ
ਉਹਨਾਂ 'ਅਹੱਲਿਆ' ਜਿੱਤ ਲਈ
ਗੌਤਮ ਬਣੇ ਜਾਂ ਇੰਦਰ
ਵਕਤ ਦੀ ਬਿਸਾਤ 'ਤੇ
ਖੜੇ ਪਿਆਦੇ
ਸਮਝਦੇ ਆਪਣੇ ਆਪ ਨੂੰ
ਜੇਤੂ ਰਾਜੇ
ਕਾਮ ਦੇ ਤੀਰਾਂ ਨੂੰ
ਚੁੰਮਦੇ ਸ਼ੋਹਦੇ
ਮਰਦ ਸਮਝਣ ਦਾ
ਭਰਮ ਪਾਲਦੇ
ਭੁੱਲ ਜਾਂਦੇ
ਔਰਤ, ਬੀਵੀ
ਮਹਿਬੂਬਾ ਜਾਂ 'ਵੋਹ' ਨਾਲ
ਸੈਕਸ ਕਰ ਲੈਣਾ
ਉਹਦੀ ਹੋਂਦ ਜਲਾਵਤਨ ਕਰਕੇ
ਜਿਸਮ ਹੰਢਾਉਣਾ
ਮਾਲਕ ਅਖਵਾਉਣਾ
ਕਾਮ ਮਾਰਿਆਂ
ਥੱਕੇ ਹਾਰਿਆਂ

ਵਿਚਾਰਿਆਂ ਦੇ ਵੱਸ ਨਹੀਂ,
ਕਮਜ਼ੋਰੀ ਲੁਕਾਉਂਦੇ
ਬੁਜ਼ਦਿਲ ਦਿਲਾਂ ਦੀ
ਦਾਸਤਾਨ ਸੁਣਾਉਂਦੇ
ਪੈੱਗ ਸ਼ੈੱਗ ਲਾਉਂਦੇ
ਫੜਾਂ ਮਾਰਦੇ ਵਿਚਾਰੇ
ਸ਼ਤਰੰਜ ਹਾਰੇ
ਕਿੰਨਾ ਤਰਸਯੋਗ ਹੈ ਇਹ ਸਭ....

–ਫਰਵਰੀ 2008

# ਨੌਂ ਸੁਪਨੇ

1
ਸੁਪਨੇ ਬੁਣਦੀ ਧੀਅ ਸਿਆਣੀ
ਸਹੁਰੇ ਤੁਰਦੀ ਧੀਅ ਨਿਮਾਣੀ
ਮੁੱਠਾਂ ਭਰਕੇ ਚਾਰੇ ਗੁੱਠੀਂ
ਧਾਨ ਖਲੇਰੇ
ਬਾਬਲ ਦਾ ਘਰ ਭਰਿਆ ਰਹੇ
ਰਿਜ਼ਕ ਵਧੇਰੇ।
****

2
ਉਹ ਆਇਆ
ਇਕ ਸੁਪਨਾ ਦੇ ਕੇ ਚਲਾ ਗਿਆ
ਇਹ ਆਇਆ
ਇਕ ਸੁਪਨਾ ਖੋਹ ਕੇ ਵੱਸ ਗਿਆ
ਉਹ ਉੱਜੜ ਗਈ।
****

3
ਜ਼ਿੰਮੀ ਉਤੇ ਸੁਪਨਾ ਉੱਗਿਆ
ਅੱਕ ਦਾ ਬੂਟਾ ਬਣਕੇ
ਅੰਬਾਕੜੀਆਂ ਵਿਚੋਂ ਫੁੱਲ ਕਢਦੀ
ਫੁੱਲ ਉਡ ਜਾਂਦੇ
ਅੱਕ ਚੱਬਦੀ, ਉਹ ਮਰ ਜਾਂਦੀ।
****

4
ਮੈਂ ਆਲੂ ਕੱਟਿਆ
ਉਸ ਵਿਚੋਂ ਸੁਪਨਾ ਨਿਕਲਿਆ
ਯਾਦ ਆਈ ਪੇਟਿੰਗ ਵਿਨਸੈਂਟ
ਵਨ–ਗ਼ੌਗ ਦੀ
ਆਲੂ ਖਾਣ ਵਾਲੇ (ਪਟੈਟੋ ਈਟਰਜ਼)
****

5
ਸੁਪਨੇ ਕੰਨ ਵਿਚ ਸਰਗੋਸ਼ੀ ਕੀਤੀ
ਉਂਗਲੀ ਲਾਇਆ
ਅਮਲੀਆਂ ਦੇ ਘੇਰੇ ਵਿਚ ਬਿਠਾਇਆ
ਅਲੋਪ ਹੋ ਗਿਆ
****

6
ਸੁਪਨੇ ਕੰਨ ਵਿਚ ਸਰਗੋਸ਼ੀ ਕੀਤੀ
ਉਂਗਲੀ ਲਾਇਆ
ਜਹਾਜ਼ ਵਿਚ ਬਿਠਾਇਆ
ਬਾਦਬਾਨ ਖੋਲ੍ਹੇ
ਸਾਗਰ ਵਿਚ ਠਿਲ੍ਹਿਆ
ਜਦ ਜਾਗਿਆ
ਉਹ ਮਾਰਕੋਪੋਲੋ ਸੀ।
****

7
ਰੁੱਖਾਂ ਤੋਂ ਡਿੱਗਦੇ ਪੱਤੇ
ਕੁਦਰਤ ਦੇ ਸੁਪਨੇ ਲਗਦੇ
ਪੌਣ ਦਿਆਂ ਪੈਰਾਂ ਵਿਚ ਘੁੰਗਰੂ ਬੱਝਦੇ
ਚੌਗਿਰਦੇ ਵਿਚ
ਪਰਾ-ਭੌਤਿਕਵਾਦ ਦਾ ਚਿੰਤਨ ਗਉਂਦਾ।
****

8
ਜ਼ਿੰਮੀ ਨੂੰ ਵਾਹਿਆ
ਪਾਣੀ ਲਾਇਆ
ਸੁਪਨਾ ਧਾਨ ਬਣਕੇ ਉੱਗਿਆ
ਬਾਲਾਂ ਦੀਆਂ ਮੁਸਕਾਨਾਂ ਵਾਂਗ ਖਿੜਿਆ
ਕਿਸਾਨਾਂ ਨੂੰ ਲਾਰਾ ਲਾ ਕੇ
ਪੰਜਾਬ ਦੀਆਂ ਮੰਡੀਆਂ ਵਿਚ
ਝੋਨਾ ਬਣਕੇ ਰੁਲਿਆ।
****

9
ਸੁਪਨੇ ਆਖਿਆ,
ਸੜਕ ਤੇ ਖਲੋਤਾ
ਸੂਰਜ ਮਿਲੇਗਾ
ਰਾਹ ਉਸਨੂੰ ਪੁੱਛੀਂ
ਰਾਜਨੀਤੀ ਦਾ ਜਾਂ ਫਿਰ
ਰਣਨੀਤੀ ਦਾ
ਧਾਨ ਤਦ ਹੀ ਵਿਕੇਗਾ।

-2000

# ਖੰਭਾਂ ਨਾਲ ਦੋਸਤੀ

**1**

ਖੰਭਾਂ ਨਾਲ ਵਾਕਫੀ ਕਰਨੀ
ਖੰਭਾਂ ਨਾਲ ਦੋਸਤੀ ਕਰਨੀ
ਚੰਗਾ ਸਭ ਨੂੰ ਲਗਦਾ
ਖੰਭ ਖੋਲ੍ਹ ਜਦ ਕੋਈ
ਉੱਡਣ ਲਗਦਾ,
ਪਰਵਾਜ਼ ਉਹਦੀ ਵੇਖ
ਬਣਦੇ ਲੋਕ ਰਕੀਬ
ਚਿੱਲੇ ਉਤੇ ਚੜ੍ਹਾਉਂਦੇ ਤੀਰ
ਜ਼ਿਮੀ ’ਤੇ ਡਿੱਗਣ ਤਕ
ਕਰਦੇ ਉਹਦੀ ਉਡੀਕ।

****

2

ਖੰਭਾਂ ਨੂੰ ਉੱਗਣ ਦਿਉ
ਪਰਵਾਜ਼ ਭਰਨ ਤੋਂ ਪਹਿਲਾਂ
ਖੋਹ ਲਵੋ
ਇਕੱਠੇ ਕਰੋ
ਭਰ ਦਿਉ, ਸਿਰਹਾਣਿਆਂ ਵਿਚ
ਸੌਂ ਜਾਉ ਇਹਨਾਂ ਉਤੇ
ਸਿਰ ਰੱਖ ਕੇ
ਮਿੱਠੀ ਨਿੱਘੀ ਨੀਂਦ
ਕੀ ਦੇਵੇਗੀ ਇਹ?
ਤੁਹਾਡੇ ਮਨ ਨੂੰ ਸਕੂਨ!

****

3

ਖੰਭ ਪਰਵਾਜ਼ ਭਰਦੇ
ਖੰਭਾਂ ਤੋਂ ਲੋਕ ਡਰਦੇ
ਜੇ ਖੰਭ ਕਤਰੇ ਗਏ
ਕੀ ਹੋਵੇਗਾ?

****

4
ਖੰਭਾਂ ਨੂੰ ਉੱਗਦਿਆਂ ਵੇਖ
ਖ਼ੁਸ਼ ਹੁੰਦੇ ਮਾਪੇ
ਖੰਭਾਂ ਪਰਵਾਜ਼ ਭਰ ਲਈ
ਉਡ ਪਏ ਵਿਚ ਅਸਮਾਨੀਂ
ਡਰਦੇ ਹਨ ਲੋਕ
ਕੀ ਹੋਵੇਗਾ?
****

5
ਖੰਭ ਉੱਗ ਪਏ
ਜਦ ਮੋਢਿਆਂ 'ਤੇ
ਉਡਣਗੇ ਅਸਮਾਨੀ
ਖੰਭ ਉੱਗ ਪਏ ਜਦ
ਸੋਚਾਂ ਅੰਦਰ
ਕੀ ਹੋਵੇਗਾ?
ਧਰਮ-ਰਾਜਨੀਤੀ-ਸਮਾਜ
ਸਾਰੇ ਡਰਦੇ।
****

6
ਮੋਰ ਪੰਖ ਸਾਂਭ ਕੇ,
ਕਿਤਾਬ ਵਿਚ ਰੱਖਦੇ
ਪੜ੍ਹਾਈ ਆਵੇਗੀ ਚੰਗੀ
ਬੁੱਧੀ ਹੋਵੇਗੀ ਤਿੱਖੀ
ਅਕਲਮੰਦ ਹੋ ਜਾਵਾਂਗੇ
ਆਸ ਅਸੀਂ ਕਰਦੇ
ਮਨ ਵਿਚ ਉਮੰਗ ਭਰਦੇ
ਜਿਉਣ ਦੀ ਤਰੰਗ ਭਰਦੇ,
ਬੁੱਧੀ ਦੇ ਚਾਨਣ ਵਿਚ
ਬਹਿ ਕੇ
ਰੰਗਾਂ ਦੀ ਬਾਤ ਪਾਉਂਦਿਆਂ
ਕੋਈ ਜੇ ਵੇਖ ਲਵੇ
ਨਾ ਵੇਖ ਲਵੇ ਕੋਈ
ਹੋਵੇਗਾ ਕੀ?
ਵੇਖ ਲਵੇ ਜੇ ਕੋਈ!

-ਅਪ੍ਰੈਲ 1999

# ਕੈਕਟਸ

1
ਦੋ ਥੋਹਰਾਂ ਉੱਗੀਆਂ, ਮਨ ਵਿਹੜੇ
ਖ਼ੂਨ ਪੀਂਦੀਆਂ, ਦਿਲ ਦਾ
ਜੀਂਦੀਆਂ
ਮਸਤਕ ਉਹਨਾਂ ਦੇ ਕੰਡੇ
ਚੁਣਦਾ
ਕੰਡਿਆਂ ਬਿਨਾਂ ਥੋਹਰ ਨਾ
ਭਾਵੇ
ਤਰਕ ਨੂੰ ਆਖਾਂ,
ਇਹਦੇ ਯਾਰ, ਪਿਆਰੇ
ਜਜ਼ਬੇ, ਸ਼ਿੱਦਤ ’ਤੇ ਸੰਨਾਟਾ
ਫੁੱਲ ਬਣਕੇ, ਥੋਹਰ ਦੇ ਸਿਰ ’ਤੇ
ਸੱਜਦੇ!
****

2
ਕੰਡਿਆਲੀ ਥੋਹਰ ਦੇ ਸਿਰ ਵਿਚ
ਗੋਲ ਕਿਰਮਚੀ ਸੋਹਣਾ ਫੁੱਲ ਉੱਗਿਆ
ਉਹ ਤੂੰ ਹੈਂ?
ਦੁਨੀਆਂਦਾਰੀ ਦੇ ਕੰਮਾਂ ਵਿਚ ਫਸਿਆ
ਸਮਾਜ ਨਾਲ ਅੱਖਾਂ ਮੇਲ ਨਾ ਸਕਿਆ
ਕੰਡਿਆਂ ਝਾੜੀਆਂ ਨਾਲ ਪਰਚਿਆ
ਕੰਡਿਆਲੀ ਥੋਹਰ ਦੇ ਸਿਰ ਵਿਚ
ਗੋਲ ਕਿਰਮਚੀ ਸੋਹਣਾ ਫੁੱਲ ਉੱਗਿਆ
ਉਹ ਤੂੰ ਨਹੀਂ!
****

3

ਥੋਹਰ ਸੁਹਾਵੀ
ਕੰਡਿਆਂ ਦਾ ਲਿਬਾਸ ਪਹਿਨਿਆ, ਜਚਦੀ
ਸਿਰ ’ਤੇ ਸੱਗੀ ਫੁੱਲ ਸਜਾਇਆ,
ਸੱਜਣ ਲੱਭਦੀ
ਕਦ ਉਹ ਆਵੇ
ਜਦ ਉਹ ਆਵੇ
ਕੰਡੇ ਖਾਵੇ
ਗੀਤ ਸੁਣਾਵੇ
ਫੁੱਲ ਚੁੰਮੇ ਤੇ ਜੀਵੇ
ਥੋਹਰ ਉਹਦੇ ਹੋਠਾਂ ਤੇ ਧਰਕੇ ਹੋਠ
ਜ਼ਹਿਰ ਪੀਵੇ ਤੇ
ਥੀਵੇ!

****

–ਜੂਨ 1998

# ਨਜ਼ਮ ਬਨਾਮ ਕਵਿਤਾ

1
ਮੁਹੱਬਤ ਦਾ ਲਿਬਾਸ ਪਹਿਨ
ਗੁਣਗੁਣਾਉਂਦੀ ਆਈ
ਆਂਚਲ ਉਡਾਉਂਦੀ ਆਈ
ਪਾਰਦਰਸ਼ੀ ਢਾਕੇ ਦੀ ਮਲਮਲ
ਸਤਰੰਗਾਂ ਨਾਲ ਬੂਟੀਆਂ ਕੱਢੀਆਂ
ਕਿੰਨੀਆਂ ਉਹ ਚੁੰਨੀ ਤੇ ਸੱਜੀਆਂ
ਬੂਟੀਆਂ ਦੀ ਨਾਭੀ ਵਿਚ
ਤਾਰੇ ਝਿਲਮਿਲ ਕਰਦੇ
ਸਾਜ਼ ਵਜਾਉਂਦੀ ਆਈ
ਆਂਚਲ ਉਡਾਉਂਦੀ ਆਈ।
ਜੁਗਨੂੰਆਂ ਸੰਗ ਮਿਲਕੇ
ਤਰੰਨਮ ਵਿਚ ਗਾਉਂਦੀ ਆਈ
ਸ਼ਬਦਾਂ ਦੇ ਪਾਰ ਨੱਚਦੀ
ਉਦਾਸੀਆਂ ਸਮੇਟਦੀ
ਮਲਮਲ ਬੁਣਦੇ ਮਜ਼ਦੂਰਾਂ ਦੇ ਹੰਝੂ
ਅੱਖਾਂ ਵਿਚ ਪਿਰਾਉਂਦੀ ਆਈ
ਸ਼ਬਦਾਂ ਵਿਚ ਸਮਾਉਂਦੀ ਆਈ।
ਨਜ਼ਮ, ਨਰਮ ਹਵਾ ਦੇ ਖੰਭਾਂ 'ਤੇ
ਪਰਵਾਜ਼ ਕਰਕੇ ਸਰਸਰਾਉਂਦੀ ਆਈ
ਆਂਚਲ ਉਡਾਉਂਦੀ ਆਈ। –ਜੂਨ 2008
****

2
ਕਵਿਤਾ ਦੀ ਏਥੋਂ
ਬਦਲੀ ਹੋ ਗਈ ਹੈ
ਉਹ ਕਿਹੜੀ ਜੂਹ ਵਿਚ

ਇੱਕਲੀ ਰਹਿੰਦੀ
ਕੋਈ ਸੁਨੇਹਾ ਨਹੀਂ ਘੱਲਦੀ
ਈ.ਮੇਲ ਨਹੀਂ ਕਰਦੀ
ਐਸ.ਐਮ.ਐਸ. ਅਤੇ
ਨਾ ਹੀ ਮੈਸੰਜਰ ਤੇ ਮੈਸੇਜ ਕਰਦੀ
ਉਸ ਕੋਲ ਸ਼ਾਇਦ
ਇੰਟਰਨੈੱਟ ਦਾ ਕੁਨੈਕਸ਼ਨ ਨਹੀਂ
ਨਾ ਟੈਲੀਫੋਨ
ਨਾ ਟੈਲੀਵਿਯਨ
ਨਾ ਰੇਡੀਉ
ਨਾ ਡਾਕਖਾਨਾ
ਨਾ ਕੋਈ ਪੋਸਟਕਾਰਡ ਲਿਖਦੀ
ਉਹ ਕੱਲ ਮੁੱਕਲੀ
ਟੈਲੀਪੈਥੀ ਰਾਹੀਂ ਸੁਨੇਹੇ ਘੱਲਦੀ......।
****

-2004

3
ਨਜ਼ਮ ਕੁੜੀ ਅੱਜ ਲਾਡਲੀ
ਆਈ ਮੇਰੇ ਨੇੜੇ
ਹੋਂਠ ਮੇਰੇ ਉਹ ਚੁੰਮ ਕੇ
ਪਈ ਮੈਨੂੰ ਛੇੜੇ
ਕੰਨਾਂ ਵਿਚ ਕੁਝ ਆਖਦੀ
ਪਈ ਨਗਮੇ ਛੇੜੇ
ਰੂਹ ਦਾ ਸੱਚ ਉਹ ਜਾਣਦੀ
ਦੇਂਦੀ ਮਨ ਨੂੰ ਗੇੜੇ
ਪਤਝੜ ਦਿਲ ਦੀ ਵੇਖ ਕੇ
ਪਈ ਹੰਝੂ ਕੇਰੇ
ਮੁਹੱਬਤ ਲਫਜ਼ ਲਿਖਾਂਵਦੀ
ਹੱਥ ਫੜਕੇ ਮੇਰੇ
ਮਹਿਬੂਬ ਢੂੰਡਣ ਜਾਂਵਦੀ

ਘੁੰਮੀ ਚਾਰ ਚੁਫੇਰੇ
ਦਰਦ ਪਿਆਲਾ ਪੀਂਵਦੀ
ਬਹਿ ਮੇਰੇ ਨੇੜੇ।
****                                        –ਦਸੰਬਰ 1995

4
ਕਵਿਤਾ ਚੁੱਪ ਚਾਪ ਗੁਜ਼ਰ ਰਹੀ ਸੀ
ਮੇਰੇ ਖ਼ਿਆਲਾਂ ਦੀ ਵਾਦੀ ਵਿਚੋਂ
ਮੂੰਹ ਫੇਰ ਕੇ
ਬੁਲਾਇਆ ਮੈਂ ਉਸਨੂੰ
ਅਣਮੰਨੀ ਆਈ ਤੇ
ਪੀੜ ਬਣ ਕੇ ਵੱਸ ਗਈ
ਮੇਰੇ ਅੰਦਰ
ਦਰਦ ਦਾ ਅਹਿਸਾਸ ਹੰਢਾਉਂਦੀ
ਜੀਅ ਰਹੀ ਹਾਂ
ਕਵਿਤਾ ਦੇ ਹਰਫ਼ਾਂ ’ਚ ਭਰਿਆ
ਜ਼ਹਿਰ ਖ਼ਾਮੋਸ਼ ਪੀ ਰਹੀ ਹਾਂ।
****                                        –1995

5
ਕਵਿਤਾ ਵਾਂਗ ਸਿਗਰਟ ਧੁਖਦੀ
ਮੇਰੇ ਖ਼ਿਆਲਾਂ ਵਿਚ
ਉਹਨਾਂ ਨੂੰ ਧੂੰਆਂ ਕਰਦੀ
ਮੇਰੇ ਸਾਹਾਂ ਵਿਚ ਹੁੰਮਸ ਭਰਦੀ
ਮੇਰੇ ਲਹੂ ਵਿਚ ਰਚ ਗਈ
ਰੂਹ ਨੂੰ ਪੀਂਦੀ ਤੇ ਕਸ਼ ਲੈਂਦੀ
ਉਹ ਸਿਗਰਟ ਬਣ ਗਈ
ਇਸ ਨਵੇਂ ਬਰੈਂਡ ਦੀ ਸਿਗਰਟ
ਹੁਣ ਮੈਂ ਪੀਂਦੀ ਹਾਂ
ਪੀੜਾਂ ਦਾ ਲੁਤਫ਼ ਲੈਂਦੀ
ਪਈ ਜੀਂਦੀ ਹਾਂ।                                        –1998

## ਪ੍ਰਵੇਸ਼

ਜੱਨਤ ਦੇ ਪਾਰ ਚੱਲੀਏ
ਜੁਗਨੂੰਆਂ ਦੀ ਰੌਸ਼ਨੀ ਵਿਚ
ਬੈਠ ਕੇ
ਅਧੁਨਿਕਤਾ ਦਾ ਇਤਿਹਾਸ
ਲਿਖੀਏ
ਉਸਦੇ ਟੁਕੜੇ ਕਰਕੇ
ਹਵਾ ਵਿਚ ਉਡਾਈਏ
ਮੁਸਕਰਾਈਏ ਅਤੇ ਹੱਸੀਏ
ਅੱਗੇ ਵਧੀਏ
ਕਦਮ-ਦਰ-ਕਦਮ
ਚਿਪਸ ਖਾਂਦੇ
ਕੋਨਫੇਟੀ* ਹਵਾ ਵਿਚੋਂ
ਫੜਦੇ
ਕ੍ਰਿਸਮਿਸ ਦੀਆਂ ਰੌਸ਼ਨੀਆਂ ਵਿਚ
ਸਾਂਤਾ ਕਲੌਸ ਨੂੰ ਮਿਲੀਏ
ਸੋਸ਼ਲ ਸਾਈਟਸ ’ਤੇ
ਸਾਲ ਮੁਬਾਰਕ ਆਖਦੇ
ਸਨੇਹੀਆਂ ਨੂੰ ਸੁਨੇਹੇ ਘੱਲੀਏ
‘ਗੁਗਲ’ ਵਿਚੋਂ ਉਤਰ ਆਧੁਨਿਕਤਾ
ਦਾ ਇਤਿਹਾਸ ਪੜ੍ਹੀਏ
ਜਾਣਕਾਰੀ ਵਧਾਈਏ
ਆਤਿਸ਼ਬਾਜੀ ਦੇ ਰੰਗਾਂ ਨੂੰ
‘ਇਨਜੌਏ’ ਕਰਦੇ
ਨਵੇਂ ਸਾਲ ਵਿਚ
ਪ੍ਰਵੇਸ਼ ਕਰੀਏ।

-ਦਸੰਬਰ 2014

* ਕਾਗਜ਼ ਦੇ ਰੰਗ ਬਰੰਗੇ ਛੋਟੇ ਛੋਟੇ ਟੁਕੜੇ ਜੋ ਖ਼ੁਸ਼ੀ ਦਾ ਇਜ਼ਹਾਰ ਕਰਨ ਵਾਸਤੇ ਹਵਾ ਵਿਚ ਉਡਾਏ ਜਾਂਦੇ ਹਨ।

# ਕਾਫ਼ਰਾਂ ਦਾ ਦੇਸ

ਮੈਂ ਰਿਸ਼ਤਿਆਂ ਦੀ ਦਲਦਲ
ਵਿਚ ਉੱਗਿਆ
ਕੰਵਲ ਫੁੱਲ ਹਾਂ
ਜਿਸ ’ਤੇ ਬ੍ਰਹਮਾ ਦਾ ਨਹੀਂ
ਮੇਰੇ ਵਜੂਦ ਦਾ ਵਾਸ ਹੈ
ਜੋ ਆਪਣੀ ਸ੍ਰਿਸ਼ਟੀ
ਸਿਰਜ ਰਿਹਾ,
ਜਿਸ ਵਿਚ ਕੇਵਲ
ਕਾਫ਼ਰ ਵੱਸਦੇ
ਬੇਬਾਕ ਉਹ, ਹਰ ਇਕ
ਪਾਖੰਡ ਨੂੰ ਦਹਿਲੀਜ਼
ਪਾਰ ਕਰਨ ਨਾ ਦੇਂਦੇ
ਉਹ ਰਿਸ਼ਤਿਆਂ ਦੇ
ਚਿਹਰਿਆਂ ਤੋਂ
ਨਕਾਬ ਲਾਹੁੰਦੇ,
ਪਾਰਦਰਸ਼ੀ ਪਾਣੀ ਦਾ ਤਲਾਬ
ਪਾਕ ਰੂਹਾਂ ਤੈਰਦੀਆਂ
ਝਿਲਮਿਲ ਤਾਰੇ ਚਮਕਣ
ਰਿਮਝਿਮ ਝਰਨਾ ਫੁਹਾਰ
ਬਰਸੇ
ਠੰਡੀਆਂ ਕੂਲਾਂ ਵਗਦੀਆਂ
ਕਾਫ਼ਰ ਬੈਠੇ ਕਿਸ਼ਤੀ ਵਿਚ
ਸੂਰਜ ਸੰਗ
ਦਿਲ ਵਿਚ ਉਮੰਗ
ਪਵਨ ਮਾਝੀ
ਕਿਰਨਾਂ ਦੇ ਚੱਪੂ
ਕਿਸ਼ਤੀ ਵਰਜਣਾ ਤੋਂ ਪਾਰ
ਲੈ ਜਾਵੇ
ਕਾਫ਼ਰਾਂ ਦਾ ਦੇਸ
ਵੱਸ ਜਾਵੇ
ਇਸ ਸ਼੍ਰਿਸ਼ਟੀ ਵਿਚ
ਮੇਰਾ ਵਜੂਦ ਹੋਵੇ.....।

–ਦਸੰਬਰ 2013

# ਊਰਜਾ

ਲੋਅ ਲੱਗ ਰਹੀ ਸੀ
ਲੈਂਪ ਪੋਸਟ ਦੀ ਰੌਸ਼ਨੀ
ਮੱਧਮ ਪੈਂਦੀ ਗਈ
ਸਰਘੀ ਦੀ ਤਲੀ ਉਤੇ
ਸੂਰਜ ਦਾ ਟਿੱਕਾ ਚਮਕਿਆ
ਰੌਸ਼ਨ ਹੋਇਆ ਬ੍ਰਹਿਮੰਡ
ਧਰਤੀ ਨੂੰ ਕਿਰਨਾਂ ਨੇ ਚੁੰਮਿਆ
ਗਲੀ ਵਿਚ
ਲੈਂਪ ਪੋਸਟ ਦੇ
ਬਲਬ ਦੀ ਰੌਸ਼ਨੀ
ਦਿਸਣੋ ਹਟ ਗਈ
ਊਰਜਾ ਉਸ ਵਿਚ
ਸੌ ਵਾਟ ਦੀ ਚਾਹੇ
ਅਜੇ ਪਈ ਬਲਦੀ।

–ਦਸਬੰਰ 2000

# ਨਸ਼ਰ ਹੋਣ ਦਿਉ

1
ਪਾਉ ਲਫਜ਼ਾਂ ਦਾ ਲਿਬਾਸ
ਖਿਆਲਾਂ ਨੂੰ ਨਸ਼ਰ ਹੋਣ ਦਿਉ
ਭਾਵਨਾਵਾਂ ’ਤੇ ਇਛਾਵਾਂ ਨੂੰ
ਲਿਖ ਦਿਉ ਵਕਤ ਦੇ ਸਫ਼ੇ ’ਤੇ
ਹਵਾ ਵਿਚ ਉਡਾ ਦਿਉ
ਤਾੜੀ ਮਾਰ ਕੇ ਹੱਸੋ
ਲੰਘ ਗਈ ਉਮਰ
ਗੁਜ਼ਰ ਚੁੱਕਾ ਵਕਤ
ਪਿਛਲੇ ਮੌਸਮ ਵਿਚ ਨਹੀਂ ਪਰਤੇਗਾ
ਵਾਯੂਮੰਡਲ ਵਿਚ ਘੁੰਮਦੇ ਲਫ਼ਜ਼ਾਂ ਸੰਗ
ਜ਼ਿੰਦਗੀ ਤੁਰਦੀ ਜਾਵੇਗੀ।

−23 ਮਈ 1999

2
ਖ਼ਿਆਲਾਂ ਨੂੰ ਪਾ ਕੇ ਲਫਜ਼ਾਂ ਦਾ ਲਿਬਾਸ
ਨਸ਼ਰ ਕਰ ਦਿਆਂ
ਮਨ ਵਿਚ ਛੁਪੀਆਂ ਭਾਵਨਾਵਾਂ ਤੇ ਇਛਾਵਾਂ ਦੀ
ਵਕਤ ਦੇ ਸਫ਼ੇ ’ਤੇ, ਕਥਾ ਲਿਖ ਦਿਆਂ
ਇਸ ਕਾਗਜ਼ ਨੂੰ ਹਵਾ ਵਿਚ ਉਡਾ
ਤਾੜੀਆਂ ਮਾਰ ਹੱਸਦੀ
ਬੱਚਿਆਂ ਵਾਂਗ ਨੱਸਦੀ
ਉੱਡਦੇ ਇਸ ਪੰਨੇ ਨੂੰ ਫੜਨ ਲਈ
ਦੌੜ ਪਵਾਂ....।

−24 ਮਈ 1999

# ਸੋਝੀ ਆਖਿਆ

ਦੂਜਿਆਂ ਲਈ ਆਜ਼ਾਦੀ ਮੰਗਦਿਆਂ,
ਸੋਝੀ ਆਖਿਆ
ਕੀ ਤੂੰ ਆਜ਼ਾਦ ਹੈਂ ?
ਘਰ ਤੇਰਾ ਕਿੱਥੇ
ਆਜ਼ਾਦੀ ਦਾ ਸਿਰਨਾਵਾਂ
ਅੱਖਰਾਂ ਵਿਚੋਂ ਲੱਭੀਏ
ਸ਼ਬਦ ਸਿਰਜੀਏ
ਸ਼ਬਦ ਪੜ੍ਹੀਏ
ਸ਼ਬਦ ਸੁਣੀਏ
ਸ਼ਬਦ ਸਿਮਰੀਏ
ਸ਼ਬਦ ਗਾਵੀਏ
ਰੂਹ ਰੌਸ਼ਨ ਕਰੀਏ।
ਜ਼ਿੰਦਗੀ ਦੀ ਪਗਡੰਡੀ ’ਤੇ
ਡਾਢਾ ਹਨੇਰਾ
ਕੁਝ ਨਾ ਤੇਰਾ
ਘਰ ਵਿਚ ਕਿਤਾਬਾਂ
ਅਖ਼ਬਾਰਾਂ ਤੇ ਰਸਾਲੇ
ਬੜਾ ਖਿਲਾਰਾ
ਕੂੜ ਕਬਾੜਾ
ਬਲਦੀ ਬਿਜਲੀ
ਖਰਚ ਵਧੇਰਾ,
ਬੋਲ ਬੁਲਾਰਾ
ਸਿਰਜਣਾ ਸੁਣਦੀ
ਮਨ ਦੇ ਹਨੇਰਿਆਂ ’ਚ
ਕੈਦ, ਤਨਹਾ ਜੀਂਦੀ
ਮਸਨੂਹੀ ਮੁਸਕਾਨ
ਹੋਠਾਂ ਤੇ ਰਖਕੇ
ਐਵੇਂ ਹੱਸੀਏ
ਅੱਖਰਾਂ ਦੇ ਚਾਨਣ
ਵਿਚ ਬਹਿਕੇ
ਆਪਣੇ ਆਪ ਤੋਂ ਨੱਸੀਏ
ਭੇਤ ਨਾ ਦੱਸੀਏ
‘ਆਪਣੇ’ ਘਰ ਵੱਸੀਏ।

–2005

# ਰੂਹ ਦੀ ਤਸਵੀਰ ਪਿਕਾਸੋ ਬਣਾਏਗਾ

ਉਹ ਕੌਣ ਹੈ
ਉਹ ਕਿਥੇ ਹੈ
ਹਨੇਰੇ ਦਾ ਗੁਬਾਰ
ਚਾਨਣ ਦਾ ਆਕਾਰ
ਉਸਨੂੰ ਲੱਭਣ ਤੁਰੀ,
ਪਿਕਾਸੋ ਨੇ ਚਿਤਰੇ
ਮੇਰੇ ਵਜੂਦ ਦੇ ਟੁਕੜੇ
ਹਰ ਦਿਸ਼ਾ ਵਿਚ ਉਹ
ਬਿਖਰ ਗਏ
ਰੂਹ
ਨੰਗ ਮੁਨੰਗੀ
ਇੱਕਲੀ
ਤਨਹਾ
ਇਹਦੀ ਤਸਵੀਰ–
ਕੌਣ ਬਣਾਏਗਾ.....

–ਜੂਨ 2001

# ਆਪਣੇ ਆਪ ਨੂੰ ਮਿਲੀਏ

ਮਨ ਦੀ ਦਵਾਤ ਵਿਚ
ਸੋਚਾਂ ਦੀ ਕਲਮ
ਡੁਬੋਂਦੀ ਹਾਂ
ਤਦ ਮਾਅਨਿਆਂ ਨੂੰ
ਲਫਜ਼ਾਂ ਵਿਚ ਦੱਸ
ਪਾਉਂਦੀ ਹਾਂ।

***

ਮੇਰੇ ਗਲੇ ਵਿਚ
ਸੁਰ ਨਹੀਂ
ਚਿਹਰੇ ’ਤੇ
ਅਦਾ ਨਹੀਂ
ਪਰ ਮੈਂ
ਸਿਰ ਤੋਂ ਪੈਰਾਂ ਤਕ
ਗੀਤਕਾਰ ਹਾਂ।

***

ਜ਼ਿੰਦਗੀ!
ਹਮੇਸ਼ਾ ਮੈਨੂੰ
ਬੇਰੰਗ ਲਿਫ਼ਾਫ਼ੇ ਵਾਂਗ
ਮਿਲੀ
ਜਿਸ ’ਤੇ ਸਿਰਨਾਵਾਂ
ਲਿਖਣ ਵਾਲਾ ਭੁੱਲ ਗਿਆ
ਟਿਕਟ ਲਾਉਣੀ,
ਡਾਕੀਏ ਨੂੰ ਤਾਰਦਿਆਂ
ਟਿਕਟ ਦਾ ਮੁੱਲ
ਬੀਤ ਗਈ ਇਕ ਉਮਰ
ਚਿੱਠੀ ਦੀ ਇਬਾਰਤ

ਅਜੇ ਵੀ ਅਸਪਸ਼ਟ
ਵਕਤ ਦਾ ਡਾਕੀਆ
ਪੜ੍ਹਨ ਦੀ ਨਾ ਦੇਂਦਾ
ਇਜਾਜ਼ਤ।

***

ਧਾਤ ਉਤੇ ਚੜ੍ਹਿਆ
ਸੋਨੇ ਦਾ ਮੁਲੰਮਾ
ਜ਼ਿੰਦਗੀ ਨਹੀਂ ਹੈ
ਸੋਨੇ ਵਿਚ ਕਿਸੇ
ਧਾਤ ਦੀ ਮਿਲਾਵਟ
ਜ਼ਿੰਦਗੀ ਦਾ ਵਜੂਦ ਹੈ।

***

ਸੱਚ ਦੇ ਹਾਣੀ ਕਦੀ ਨਾ ਹੋਏ
ਸੱਚ ਨਾ ਕਦੀ ਵਿਸਾਰੇ
ਸੱਚ ਦਾ ਸਾਥ ਨਿਭਾਵਣ ਲਈ
ਭਰਮ ਭੁਲੇਖੇ ਪਾਲੇ
ਸੱਚ ਦੀ ਛਾਵੇਂ ਕੋਈ ਨਾ ਬੈਠਾ
ਸੱਚ ਦੇ ਰੁੱਖ ਜਿਸ ਲਾਏ
ਸੱਚ ਦਾ ਫਲ ਪੱਕਣ ਤਾਈਂ
ਤਨ ਰੂਹ ਪਾਏ ਚਾਲੇ
ਸੱਚ ਹੀ ਸੱਚ ਦਾ ਦੋਸਤ ਬਣਿਆ
ਫਿਰ ਵੀ ਸੱਚ ਨਾ ਪਾਇਆ
ਸੱਚ ਦਾ ਚਾਨਣ ਪਾਵਣ ਖਾਤਰ
ਝੂਠ ਨੂੰ ਯਾਰ ਬਣਾਇਆ।

***

ਵਰਜਣਾ ਦੀ ਤਪਦੀ ਰੇਤ
ਉਹਦੇ ਪੈਰਾਂ ਵਿਚ ਵਿਛੀ
ਪਾਬੰਦੀਆਂ ਦੇ ਝਨਾਂ ਵਿਚ
ਰੂਹ ਉਹਦੀ ਡੁੱਬਦੀ ਰਹੀ
ਸੱਸੀ ਜਾਂ ਸੋਹਣੀ ਬਣਨਾ
ਉਹਦੀ ਕਿਸਮਤ ਨਹੀਂ।

***

ਮੇਰੀਆਂ ਲਾਈਆਂ ਪਾਬੰਦੀਆਂ
ਮੈਨੂੰ ਕਤਲ ਕਰ ਰਹੀਆਂ
ਚਾਕੂ ਮਨਾਹੀਆਂ ਦਾ ਫੜੀ
ਮੇਰਾ ਪੁਰਜ਼ਾ ਪੁਰਜ਼ਾ ਕੱਟ ਰਹੀਆਂ

***

ਵਕਤ ਰੁਕ ਗਿਆ ਜਿਵੇਂ
ਜ਼ਿੰਦਗੀ ਖਲੋ ਗਈ
ਵਿਸਮਿਕ ਚਿੰਨ੍ਹ ਨਹੀਂ ਕਿਧਰੇ
ਸਵਾਲੀਆ ਨਿਸ਼ਾਨ ਨਾ ਦਿਸਦਾ
ਨਾ ਕੋਈ ਡੰਡੀ
ਨਾ ਕੋਈ ਆਸ਼ਾ
ਕਿਧਰ ਗਈ ਪ੍ਰੀਭਾਸ਼ਾ
ਵਕਤ ਦੇ ਅੰਤ ਵਿਚ
ਦਿਸਦੇ ਦੂਰ ਤਕ ਬਿੰਦੂ ......

***

ਤੇਰੇ ਨਾਲ ਸੰਵਾਦ ਰਚਾਵਾਂ
ਬੇਪਹਿਚਾਣ ਜ਼ਿੰਦਗੀ
ਸਰਦਲ ਦੇ ਆਰ ਪਾਰ
ਤੂੰ ਜਿਉਂਦੀ
ਮੈਂ ਮਰ ਗਈ

ਮੇਰ ਬੋਲਾਂ,
ਮੇਰੀ ਲਾਸ਼ ਦਾ ਭਾਰ ਚੁੱਕਦੀ
ਰੂਹ ਚਿਰੋਕਣੀ
ਬਣਵਾਸ ਕਰ ਗਈ

***

ਬ੍ਰਹਿਮੰਡ ਵਿਚੋਂ ਰੱਸੀ
ਖਿੱਚ ਕੇ
ਫੇਸ, ਬੁੱਕ ਦੇ ਝੂਲੇ
ਉਤੇ ਬੈਠੀਏ
ਪੀਂਘ ਝੂਟੀਏ
ਅੰਬਰ ਛੋਹਣ ਦੀ
ਕੋਸ਼ਿਸ਼ ਕਰੀਏ
ਧਰਤੀ ਉਤੇ ਆਈਏ
ਆਪਣੇ ਆਪ ਨੂੰ ਮਿਲੀਏ।

***

## ਅਧੂਰੀ ਕਥਾ

ਆ! ਮੇਰੀ ਖ਼ਾਮੋਸ਼ੀ ਨੂੰ
ਆਵਾਜ਼ ਦੇ
ਨਹੀਂ ਤਾਂ ਗੁਜ਼ਰ ਜਾਵਾਂਗੀ
ਵਕਤ ਬਣਕੇ
ਦਿਨਾਂ ਦੇ ਫੇਰ ਵਿਚ
ਸ਼ਾਮਲ ਨਾ ਹੋ ਸਕੇਂਗਾ ਤੂੰ।
ਗੀਤਕਾਰ!
ਗਾ ਸਕਦਾ ਏਂ
ਗਾ ਮੇਰੀ ਖ਼ਾਮੋਸ਼ੀ ਦਾ ਗੀਤ
ਨਹੀਂ ਤਾਂ ਬਿਖ਼ਰ ਜਾਵਾਂਗੀ
ਸੁਰ ਬਣਕੇ
ਤਿਤਲੀਆਂ ਸੰਗ ਉਡ ਜਾਵਾਂਗੀ
ਹਵਾ ਬਣਕੇ।
ਚਿਤਰਕਾਰ!
ਬਣਾ ਸਕਦੇ ਏਂ
ਬਣਾ ਮੇਰੀ ਖ਼ਾਮੋਸ਼ੀ ਦੀ ਤਸਵੀਰ
ਨਹੀਂ ਤਾ ਰਲ ਜਾਵਾਂਗੀ
ਰੰਗਾਂ ਵਿਚ ਲੀਕ ਬਣਕੇ
ਛਾ ਜਾਵਾਂਗੀ ਅਸਮਾਨ ਵਿਚ
ਸਤਰੰਗੀ ਪੀਂਘ ਬਣਕੇ।
ਪਾਠਕ!
ਪੜ੍ਹ ਸਕਦਾ ਏਂ
ਪੜ੍ਹ ਮੇਰੀ ਖ਼ਾਮੋਸ਼ੀ ਦੀ ਇਬਾਰਤ
ਨਹੀਂ ਤਾਂ ਲਿਖੀ ਰਹਿ ਜਾਵੇਗੀ
ਦਰਦ ਦੀ ਅਧੂਰੀ ਕਥਾ
ਪੀੜ ਦੀ ਵਿਥਿਆ
ਕਦੀ ਨਾ ਜਾਣ ਸਕੇਂਗਾ ਤੂੰ।

## ਨਜ਼ਮ ਆਖਦੀ

ਨਜ਼ਮ ਨੇ ਹੌਲੀ ਜਿਹੀ ਕਿਹਾ
ਉਹ ਤੇਰੇ ਸਾਹਮਣੇ ਹੈ ਖੜ੍ਹਾ
ਕਿੱਥੇ...........
ਤੇਰੇ ਸਾਹਵੇਂ
ਅੰਦਰ ਬਾਹਰ
ਸਾਹਾਂ ਦਾ ਜਾਣਾ ਆਉਣਾ
ਮੁਹੱਬਤ ਮਿਲੀ ਮਹਿਕ ਦਾ
ਲਹੂ ਵਿਚ ਰਚ ਜਾਣਾ
ਦਿਲ ਦਾ ਧੜਕਣਾ
ਪੌਪ ਧੁੰਨਾਂ ਵਿਚ, ਇਕੋ ਲਫਜ਼
ਮੁੜ ਮੁੜ ਗਾਉਣਾ
ਨੈਣਾਂ ਦਾ ਖੁਲ੍ਹਣਾ
ਪਲਕਾਂ ਦੇ ਪਹਿਰੇ ਵਿਚ
'ਉਸਦਾ' ਬੰਦ ਹੋ ਜਾਣਾ
ਤੇਰੇ ਖਿਆਲਾਂ
ਤੇਰੀਆਂ ਸੋਚਾਂ ਨਾਲ
ਵਾਬਸਤਾ
ਪੁਛਦੀ ਏਂ ਮੈਥੋਂ
ਕਿੱਥੇ ਹੈ ਉਹ ?
ਨਜ਼ਮ ਆਖਦੀ।

–ਅਕਤੂਬਰ 2000

## ਕੰਤ ਰਿਝਾਵਾਂ

ਅੱਖਰਾਂ ਨਾਲ ਗੱਲ ਕਦੇ ਨਾ ਕੀਤੀ
ਸ਼ਬਦ ਦੁਵਾਲੇ ਨੱਚਦੇ
ਮਸਤ ਕਲੰਦਰ ਬਣਕੇ
ਧੂਣੀ ਲਾਉਂਦੇ
ਖੇਲ ਦਿਖਾਉਂਦੇ
ਜ਼ੁਲਫ਼ਾਂ ਕੁੰਡਲ ਖੋਹਲੇ
ਚਾਰ ਦਿਸ਼ਾਵਾਂ ਭੌਂਦੀਆਂ
ਸ਼ੋਰ ਪਾਉਂਦੀਆਂ
ਮਨ ਅੰਦਰ ਸੰਨ੍ਹਾਟਾ ਧੁਖਦਾ
ਲਟ ਲਟ ਬਲਦੀ ਧੂਣੀ
ਗੱਲ ਰਹਿ ਗਈ ਊਣੀ
ਅੱਖਰ ਜੋੜ ਜੋੜ ਕੇ ਸ਼ਬਦ ਬਣਾਵਾਂ
ਗਿੱਧਾ ਪਾਵਾਂ
ਬੁਲ੍ਹਾ ਕੰਤ ਰਿਝਾਵਾਂ!

–ਜੂਨ 1999

## ਖ਼ੁਸ਼ੀ

ਖ਼ੁਸ਼ੀ ਤਾਂ ਖਾਨਾਬਦੋਸ਼ ਕੁੜੀ
ਗਿੱਧਾ ਪਾਉਂਦੀ ਆਵੇ
ਏਧਰ ਨੱਚਦੀ ਓਧਰ ਨੱਚਦੀ
ਟਿਕ ਕੇ ਬਹਿ ਨਾ ਜਾਵੇ।

ਖ਼ੁਸ਼ੀ ਤਾਂ ਖਾਨਾਬਦੋਸ਼ ਕੁੜੀ
ਹੱਸਦੀ ਕਹਿਕਹੇ ਲਾਵੇ
ਚੰਬੇ ਕਲੀਆਂ ਖਿੜ ਖਿੜ ਪੈਂਦੀਆਂ
ਦਿਲਾਂ ਨੂੰ ਮਹਿਕਾਵੇ।

ਖ਼ੁਸ਼ੀ ਤਾਂ ਖਾਨਾਬਦੋਸ਼ ਕੁੜੀ
ਗੀਤ ਜ਼ਿੰਦਗੀ ਗਾਵੇ
ਪੰਛੀ ਚਹਿਕਣ ਮੌਸਮ ਮਹਿਕੇ
ਤਿਤਲੀ ਬਣ ਉੱਡ ਜਾਵੇ।

ਖ਼ੁਸ਼ੀ ਤਾਂ ਖਾਨਾਬਦੋਸ਼ ਕੁੜੀ
ਵਕਤ ਕੰਧਾੜੇ ਚੜ੍ਹਦੀ
ਮਾਸੂਮ ਜਿਹੀ ਮੁਸਕਾਨ ਉਸਦੀ
ਹਰ ਦਿਲ ਨੂੰ ਉਹ ਭਾਵੇ।

ਖ਼ੁਸ਼ੀ ਤਾਂ ਖਾਨਾਬਦੋਸ਼ ਕੁੜੀ
ਹਰ ਕਿਸੇ ਨਾ ਮਿਲਦੀ
ਨਿਰਮਲ ਮਨ ਆਨੰਦ ਵਸੇ
ਖ਼ੁਸ਼ੀ ਘਰ ਵਿਚ ਫੇਰਾ ਪਾਵੇ।

–ਅਕਤੂਬਰ 2007

# ਵੈਰਾਗ

ਨੈਣਾਂ ਵਿਚ ਹੰਝੂ ਭਰੀ
ਮੁਹੱਬਤ ਜਦ ਰੁਖ਼ਸਤ ਹੋਈ
ਵੈਰਾਗ ਦੇ ਗਲ ਲਗ ਕੇ
ਪਗਲੀ ਉਹ ਡਾਢਾ ਰੋਈ
ਵੈਰਾਗ ਨੇ ਸਮਝਾਇਆ
ਤਸੱਲੀ ਰੱਖ ਤੂੰ ਅੜੀਏ
ਮੈਂ ਜੋ ਤੇਰੇ ਕੋਲ ਹਾਂ
ਤੂੰ ਕਿਉਂ ਪਰੇਸ਼ਾਨ ਹੋਈ।

***

# ਚਾਨਣੀ ਦੀ ਚਾਦਰ

ਬੁਲ੍ਹਾ ਦਿਲ ਦਾ ਜਾਨੀ
ਇਸ਼ਕ ਜਿਸਦੀ ਨਿਸ਼ਾਨੀ
ਅਸੀਂ ਗਲ ਵਿਚ ਪਾਈ ਹੋ।

ਬੁਲ੍ਹਾ ਦੇਂਦਾ ਏ ਖ਼ੁਸ਼ੀ
ਅਸੀਂ ਰੱਜ ਰੱਜ ਲੁੱਟੀ
ਉਹਦੀ ਰਮਜ਼ ਨਾ ਪਾਈ ਹੋ।

ਅਸੀਂ ਕੱਤਿਆਂ ਏ ਸੂਤ
ਅਟੇਰੇ ਨੇ ਗਲੋਟੇ
ਸਾਨੂੰ ਬੁਣਤੀ ਨਾ ਆਈ ਹੋ।

ਅਰਮਾਨ ਸਾਡੇ ਨੰਗੇ
ਅਸੀਂ ਬੁਰੇ ਅਸੀਂ ਚੰਗੇ
ਗੱਲ ਕਹਿਣੀ ਨਾ ਆਈ ਹੋ।

ਸਾਨੂੰ ਚੇਤਾ ਤੇਰਾ ਆਇਆ
ਤੂੰ ਵਾਅਦਾ ਨਾ ਨਿਭਾਇਆ
ਰਮਜ਼ ਵਸਲ ਦੀ ਨਾ ਪਾਈ ਹੋ।

ਭਰੇ ਅੱਖਾਂ ਵਿਚ ਹੰਝੂ
ਬੂੰਦ ਬੂੰਦ ਨੈਣੋਂ ਡੁੱਲ੍ਹੇ
ਮੇਘ ਜਦ ਬਰਸੇ ਹੋ।

ਰੁੱਤ ਆਈ ਰੁੱਤ ਗਈ
ਦਿਨ ਰਾਤ ਤੇ ਮਹੀਨੇ
ਅਸੀਂ ਗਿਣਤੀ ਭੁਲਾਈ ਹੋ।

ਸੰਗ ਨ੍ਹੇਰੇ ਦੇ ਸੁੱਤੇ
ਚਾਦਰ ਚਾਨਣੀ ਦੀ ਤਾਣ
ਕੇਹੀ ਉਮਰਾ ਲੰਘਾਈ ਹੋ।

ਦਰਦ ਦੀ ਕਲਮ ਨਾਲ
ਲਿਖਿਆ ਇਹ ਗੀਤ
ਸੁਰ ਬਿਰਹਾ ਦੀ ਪਾਈ ਹੋ।

–2008

# ਸਿਦਕ ਦਾ ਮਾਣ ਬਥੇਰਾ

ਇਸ਼ਕ ਚੰਦਰਾ ਵਿਹੜੇ ਬੈਠਾ
ਕਰਦਾ ਝੱਲ ਵੱਲਲੀਆਂ
ਆਵਣ ਰੀਝਾਂ ਜਾਵਣ ਰੀਝਾਂ
ਨਦੀ ਨ੍ਹਾਵਣ ਚੱਲੀਆਂ

ਇਸ਼ਕ ਚੰਦਰਾ ਵਿਹੜੇ ਬੈਠਾ
ਕਰਦਾ ਮਨਆਈਆਂ
ਤੂੰ ਜਾਣੇ ਨਾ ਜਾਣੇ ਸਾਜਣ
ਰੂਹ ਤੈਨੂੰ ਪਰਨਾਈਆਂ।

ਇਸ਼ਕ ਚੰਦਰਾ ਵਿਹੜੇ ਬੈਠਾ
ਕਰਦਾ ਝਗੜਾ ਝੇੜਾ
ਸਿਦਕ ਸਾਡਾ ਦੇਵੇ ਪ੍ਰੀਖਿਆ
ਇਸਦਾ ਮਾਣ ਬਥੇਰਾ।

ਇਸ਼ਕ ਅਸਾਡਾ ਵਿਹੜੇ ਬੈਠਾ
ਰਾਤ ਲੰਘਦੀ ਸੁੰਨ੍ਹੀ
ਉਡੀਕ ਦੀ ਸੂਲੀ ਹਰਦਮ ਚੁੰਮੀ
ਅੱਖ ਕਦੇ ਨਾ ਰੁੰਨ੍ਹੀ।

ਇਸ਼ਕ ਚੰਦਰਾ ਵਿਹੜੇ ਬੈਠਾ
ਤੇਰਾ ਚਾਅ ਘਨ੍ਹੇਰਾ
ਅੱਡੀ ਮਾਰ ਕੇ ਨੱਚਿਆ ਬੁੱਲ੍ਹਾ
ਆਖੇ ਸਗਵਾਂ ਤੂੰ ਮੇਰਾ।

–ਫਰਵਰੀ 2008

# ਦਿਲ ਸੂਫੀ ਸੰਗ

ਤੈਨੂੰ ਯਾਦ ਕਰਕੇ ਅਸੀਂ ਬਹੁਤ ਨੱਚੇ
ਬੁਲ੍ਹੇ ਸ਼ਾਹ ਸੰਗ ਦਿਲ ਜਾ ਵੱਸੇ।
ਦੁਨੀਆਂਦਾਰੀ ਦੀ ਕੰਬਲੀ ਓੜ ਤੁਰੇ
ਪੈਂਡੇ ਪੈਰਾਂ ਹੇਠਾਂ ਤਾਂਹੀ ਰਹੇ ਕੱਚੇ।

ਸਾਈਂ ਨੂੰ ਮਿਲਣ ਦੀ ਸਿੱਕ ਡਾਢੀ
ਰੀਝ ਨੈਣਾਂ ਵਿਚ ਚਾਅ ਬਣ ਮੱਚੇ।
ਪੈਂਡੇ ਪੱਕੇ ਪਰ ਹਨ ਰਾਹ ਕੱਚੇ
ਤਾਹੀਓਂ ਧੂਲ ਨਾਲ ਸਾਡੇ ਪੈਰ ਅੱਟੇ।

ਆਖੇ ਇਸ਼ਕ ਦੇ ਲੱਗ ਕੇ ਰਾਂਝਾ
ਤੁਰਿਆ ਹੀਰ ਨੂੰ ਮਿਲਣ ਉਹ ਕਰ ਜੇਰਾ
ਕੰਨ ਪਾੜ ਕੇ ਮਨ ਦੇ ਨਾਥ ਜੋਗੀ
ਕੰਨੀਂ ਪਾਏ ਵੈਰਾਗ ਦੇ ਕੁੰਡਲ ਫੱਬੇ।

ਵੈਰਾਗ ਆਪੇ ਹੀ ਪੈਂਡਾ ਬਣ ਜਾਂਦਾ
ਦਿਲ ਮਿਲਣ ਨੂੰ ਜੇ ਮਜਬੂਰ ਹੋਵੇ
ਸੋਹਬਤ ਮਹਿਬੂਬ ਦੀ ਬੈਠ ਜਾਈਏ ਲੋਕਾ
ਧੂਲ ਵੱਟ ਜਾਵੇ ਵਿਚ ਰੰਗ ਪੱਕੇ।

–ਜੁਲਾਈ 2014



# ਆਦਿ-ਕਥਾ

# ਜੰਗਲ ਦੀ ਹਰਿਆਲੀ

ਸਾਗਰ ਬਣ ਕੇ ਵਿਛ ਗਈ
ਉਹਦੇ ਰਾਹ ਵਿਚ
ਆਖਿਆ
ਸਾਰਾ ਪਾਣੀ ਤੇਰਾ ਹੈ
ਇਹਨੂੰ ਡੀਕ ਲੈ,
ਉਹ ਪੀ ਨਾ ਸਕਿਆ
ਉਹਦੀ ਪਿਆਸ ਹੀ ਨਿੱਕੀ ਸੀ।
ਪਰਬਤ ਬਣ ਕੇ ਖਲੋ ਗਈ
ਉਹਦੇ ਰਾਹ ਵਿਚ
ਆਖਿਆ
ਇਸਨੂੰ ਸਰ ਕਰ ’ਤੇ
ਚੋਟੀਆਂ ਨੂੰ ਚੁੰਮ ਲੈ
ਚੜ੍ਹਾਈ ਉਹ ਚੜ੍ਹ ਨਾ ਸਕਿਆ
ਉਹ ਪਹਿਲਾਂ ਹੀ ਥੱਕਿਆ ਸੀ।
ਵਕਤ ਬਣ ਕੇ ਤੁਰ ਪਈ
ਉਹਦੇ ਨਾਲ ਨਾਲ
ਆਖਿਆ
ਮੈਨੂੰ ਸੰਭਾਲ ਲੈ
ਪਲਾਂ ਛਿਣਾਂ ਦੀ
ਗਲਵਕੜੀ ਵਿਚ ਤੁਰੀਏ
ਉਹ ਤੁਰ ਨਾ ਸਕਿਆ
ਉਹ ਪਹਿਲਾਂ ਹੀ ਹਫਿਆ ਸੀ।
ਬਣਾਂ ਦੀ ਹਰਿਆਲੀ ਲੈ
ਆਈ ਉਹਦੇ ਕੋਲ
ਆਖਿਆ
ਜੰਗਲ ਦੇ ਧੁਰ ਅੰਦਰ ਚੱਲੀਏ
ਰੁੱਖ ਗਿਣੀਏ
ਪੱਤੇ ਫੁੱਲ ਚੁੰਮੀਏ
ਫਲ ਖਾਈਏ
ਉਹ ਤੁਰ ਨਾ ਸਕਿਆ
ਆਖਦਾ, ਤੂੰ ਝੱਲੀ ਏਂ। –ਅਕਤੂਬਰ 2001

# ਭਰਤ ਰਾਜਾ ਦੀ ਕਿਸਮਤ

ਰਾਮ ਜੀ ਬਣਵਾਸ ਤੁਰੇ
ਚੌਦਾਂ ਸਾਲ ਲਈ
ਸੀਤਾ, ਲਛਮਣ ਉਹਨਾਂ ਸੰਗ
ਅਯੁਧਿਆ ਖਲਕਤ–
ਅਲਵਿਦਾ ਆਖਦੀ
ਭਰੀਆਂ ਅੱਖਾਂ ਨਾਲ।
ਰਾਜ ਮਹਿਲ ਵਿਚ
ਗ਼ਮ ਦਾ ਸਾਇਆ
ਦਸ਼ਰਥ ਪਿਤਾ ਸੀ
ਡਾਢਾ ਬਿਹਬਲ
ਵਚਨ ਨਿਭਾਏ
ਕੈਕਈ–ਪੁਤਰ ਰਾਜਾ ਅਖਵਾਏ
'ਭਰਤ' ਨੂੰ ਰਾਜ ਭਾਗ ਨਾ ਭਾਵੇ
ਉਸ ਨੂੰ ਇਹ ਸਭ ਰਾਸ ਨਾ ਆਵੇ
ਕਰਦਾ ਉਹ ਵਿਰਲਾਪ
ਕਦੋਂ ਮੁਕੇਗਾ ਇਹ ਸਰਾਪ,
ਬਚਪਨ ਵਿਚ ਸੁਣਦੀ
ਰਾਮਾਇਣ ਕਥਾ
ਭਰੀਆਂ ਅੱਖਾਂ ਹੰਝੂਆਂ ਨਾਲ
ਕਿੰਨੇ ਸਾਰੇ ਚੌਦਾਂ ਸਾਲ
ਕਿੰਜ ਬੀਤਣਗੇ
ਗਿਣਤੀ ਕਰਦਿਆਂ ਵਰ੍ਹਿਆਂ ਦੀ
ਕਿੰਨਾ ਲੰਮਾ ਸਮਾਂ ਸੀ ਲਗਦਾ
ਬਚਪਨ ਕੁਮਲਾਇਆ ਤੇ ਡਰਦਾ
ਉਤਸਕ ਹੋ ਕੇ–
ਕਥਾ ਸੁਣਦਿਆਂ
ਰਾਮ ਲੀਲਾ ਵੇਖਦਿਆਂ
ਜ਼ਿੰਦਗੀ ਤੁਰਦੀ
ਵਕਤ ਦੇ ਨਾਲ

ਸਾਲ-ਦਰ-ਸਾਲ,
ਗ੍ਰਹਿਸਤ ਸਿੰਘਾਸਣ ਉਤੇ ਬੈਠੀ
ਰਾਜ ਭਾਗ ਦੀ ਮਾਲਕ ਬਣਕੇ
ਘਰ ਦੀ ਰਾਣੀ ਅਖਵਾਵਾਂ
ਕਿੰਨੇ ਰਿਸ਼ਤੇ
ਸਿਰਜੇ ਜ਼ਿੰਦਗੀ
ਕਿੰਨੇ ਪਾਤਰ
ਆਉਂਦੇ ਜਾਂਦੇ
ਮਿਲਦੇ ਬਹਿੰਦੇ
ਹਮਰਾਹ ਤੁਰਦੇ,
ਦਿਲ ਦੇ ਰਾਹ
ਨਾ ਤੁਰਿਆ ਕੋਈ
ਨਾ ਕੀਤੀ ਕਿਸੇ ਦਿਲਜੋਈ
ਨਾ ਮਿਲਿਆਸਾਹਾਂ ਦਾ ਸ਼ਾਹ
ਤੁਰੀ ਹਮੇਸ਼ਾ ਨੰਗੇ ਪੈਰੀਂ
ਤਲੀਆਂ ਵਿਚ ਕੰਡੇ ਚੁਭਦੇ
ਸੂਲਾਂ ਤਿੱਖੀਆਂ
ਜ਼ਿੰਦਗੀ ਦੀ ਪਗਡੰਡੀ ਵਿਚੋਂ
ਕਦੀ ਨਾ ਮੁੱਕੀਆਂ,
ਆਪਣੇ ਅੰਦਰ ਜੰਗਲ ਸਿਰਜਿਆ
ਚੌਦਾਂ ਵਰ੍ਹਿਆਂ ਤੋਂ ਲੰਮਾ ਬਣਵਾਸ
ਅੱਖਾਂ ਵਿਚ ਉਡੀਕ ਭਰੀ,
ਕੋਈ ਤਾਂ ਆਵੇ
ਰਾਹ ਵਿਖਾਵੇ
ਜੀਵਨ ਦੀਵਾ
ਬਲਦਾ ਜਾਵੇ
ਸ਼ਾਲਾ! ਕਦੀ ਕੋਈ
ਨਾ ਭਰਤ ਰਾਜਾ ਦੀ
ਕਿਸਮਤ ਪਾਵੇ! -ਨਵੰਬਰ 2006

# ਕਾਗਜ਼ ਦੀ ਕਿਸ਼ਤੀ

ਉਸਨੂੰ ਚੰਨ ਆਖਿਆ
ਸੋਚਿਆ ਉਹ ਆਵੇਗਾ
ਮੁਹੱਬਤ ਦੀ ਚਾਂਦਨੀ ਵਿਚ ਬਿਠਾਵੇਗਾ
ਮਖਮਲੀ ਚੀਚ ਵਹੁਟੀਆਂ ਜਿਹੇ
ਸੋਹਲ ਪਲ ਰਚਾਂਗੇ
ਚਿੱਟੇ ਗੁਲਾਬਾਂ ਵਰਗਾ
ਮਹਿਕਾਂ ਭਰਿਆ
ਪੱਤੀਆਂ ਵਰਗਾ ਸੋਹਲ
ਸਤਰੰਗੀ ਦੇ ਰੰਗਾਂ ਵਰਗਾ
ਰਮਜ਼ਾਂ ਭਰਿਆ
ਰੋਮਾਂਸ ਜੀਵਾਂਗੇ,
ਉਹ ਆਇਆ
ਅਕਾਸ਼ ਦੇ ਤਖ਼ਤ 'ਤੇ ਸੱਜਿਆ
ਤਾਰਿਆਂ ਦੇ ਝੁਰਮਟ ਵਿਚ ਘਿਰਿਆ
ਰਾਜਾ ਬਣ ਬੈਠਾ,
ਉਸਨੂੰ ਸੂਰਜ ਆਖਿਆ
ਸੋਚਿਆ ਉਹ ਆਵੇਗਾ
ਸਰਘੀ ਦੇ ਰੱਥ ਵਿਚ
ਸਰਘੀ ਦੇ ਕੂਲੇ ਨਿੱਘੇ
ਕੇਸਰੀ ਲਿਬਾਸ ਵਿਚ ਸੱਜਿਆ
ਰਾਜਕੁਮਾਰ ਵਾਂਗ, ਦੇਵੇਗਾ
ਚਾਨਣ ਦਾ ਨਜ਼ਰਾਨਾ
ਮੁਹੱਬਤ ਨੂੰ ਸੁਬਕ ਜਿਹੀ
ਕੋਮਲ ਜਿਹੀ ਛੋਹ ਨਾਲ
ਕਿਰਨਾਂ ਦੇ ਰੱਥ 'ਚ ਬਿਠਾਏਗਾ
ਚੱਲਾਂਗੇ ਵਾਦੀਆਂ ਦੀ ਸੈਰ ਲਈ
ਖਿਲਾਅ ਵਿਚ ਉੱਡਾਂਗੇ
ਸਿਆਰਿਆਂ ਨੂੰ ਛੋਹਾਂਗੇ
ਉੱਚੇ ਪਰਬਤਾਂ 'ਤੇ ਤੁਰਾਂਗੇ

ਚੀਲ ਦੇ ਜੰਗਲਾਂ ਵਿਚ ਲੁਕਾਂਗੇ
ਪੱਤਿਆਂ ਦੀ ਖ਼ੁਸ਼ਬੂ ਪੀਂਦੇ
ਹਵਾਵਾਂ ਤੋਂ ਗੀਤ ਸੁਣ
ਸਾਗਰ ਉਤੇ ਤੁਰਦੇ
ਗਹਿਰਾ ਗਹਿਰਾ ਗਵਾਚਦੇ
ਸਿੱਪੀ ਦਾ ਰੋਮਾਂਸ ਜੀਵਾਂਗੇ
ਉਹ ਆਇਆ,ਪਰ
ਰਵਾਇਤਾਂ ਦਾ ਗੁਲਾਮ ਬਣ ਕੇ
ਭੀੜ ਤੋਂ ਡਰਦਾ
ਬਿਨਾਂ ਸੰਗ ਤੁਰਿਆਂ ਮੁੜ ਗਿਆ
ਸਾਗਰ ਕੰਢੇ, ਇਕੱਲੀ ਖੜੀ
ਕਾਗਜ਼ ਦੀ ਕਿਸ਼ਤੀ ਬਣਾ
ਕਰ ਰਹੀ ਉਸਨੂੰ
ਅਥਾਹ ਪਾਣੀਆਂ ਹਵਾਲੇ......।

–ਨਵੰਬਰ 2001

# ਉਹ ਜ਼ਿੰਦਾ ਰਹੀ

ਜ਼ਿੰਦਗੀ ਵਿਚ ਜਦ
ਉਹ ਮਿਲਿਆ
ਮਦਾਰੀ ਦੀ ਰੱਸੀ
ਤੋਹਫਾ ਦਿਤੀ, ਜੋ
ਪੂਰਬ ਤੋਂ ਪੱਛਮ
ਉੱਤਰ ਤੋਂ ਦੱਖਣ ਤਕ
ਖਿੱਚ ਕੇ ਬੰਨ੍ਹੀ ਸੀ
ਜਾਚ ਸਿਖਾਉਂਦਾ ਫਿਰ
ਇਸ 'ਤੇ ਤੁਰਨ ਦੀ,
ਭੰਡਾ ਭੰਡਾਰੀਆ
ਕਿੰਨਾ ਕੁ ਭਾਰ
ਇਕ ਮੁੱਠੀ ਚੁਕ ਲੈ
ਦੂਜੀ ਤਿਆਰ
ਬਚਪਨ ਦੀ ਇਹ ਖੇਡ
ਹਮੇਸ਼ਾ ਨਾਲ ਤੁਰੀ,
ਆਬਰਾ ਕਤਾਬਰਾ ਦਾ
ਮੰਤਰ ਪੜ੍ਹਦਾ
ਹੱਸਦਾ, ਤਾਂਤਰਿਕ ਹਾਸਾ
ਆਖਦਾ, ਕਿਉਂ ਨਹੀਂ
ਜਾਚ ਸਿੱਖਦੀ
ਮਦਾਰੀ ਦੀ ਰੱਸੀ ਉਤੇ
ਤੁਰਨ ਦੀ
ਦਾਅ ਖੇਡਦਾ
ਪ੍ਰੇਮ ਹਾਰਦਾ ਉਹ
ਮਦਾਰੀ ਬਣਿਆ ਰਿਹਾ,
ਅੱਲ੍ਹੜ ਵਰੇਸ ਦੀ
ਖੇਡ ਖੇਡਦੀ
ਆਲੇ ਭੋਲੇ ਦਿਨਾਂ
ਲਈ ਤਾਂਘਦੀ

ਮੁੱਕਿਆਂ ਦੀ ਮਾਰ ਸਹਿੰਦੀ,
ਦੁਨੀਆਂਦਾਰੀ ਨਿਭਾਉਂਦਿਆਂ
ਲਾਲਸਾ
ਫਰੇਬ
ਕੁਫ਼ਰ ਨੂੰ ਥਾਂ ਮਿਲੀ
ਮੁਹੱਬਤ ਮਨਫੀ ਰਹੀ
ਵੇਖ ਲਉ–
ਫਿਰ ਵੀ ਉਹ ਜ਼ਿੰਦਾ ਰਹੀ।

–ਅਪ੍ਰੈਲ 2004

# ਵਕਤ ਨੇ ਕੰਨ ਵਿਚ ਆਖਿਆ

ਸਾਗਰ ਕੰਢੇ ਖੜੀ
ਲਹਿਰਾਂ ਦਾ ਸ਼ੋਰ ਸੁਣਦੀ
ਸੋਚ ਰਹੀ
ਹਵਾਲੇ ਕਰ ਦਿਆਂ ਵਜੂਦ
ਸਾਗਰ ਵਿਚ ਸਮਾ ਜਾਵਾਂ
ਮੌਤ ਆਵੇਗੀ
ਰੋਮਾਂਸ ਭਰੀ
ਮਗਰਮੱਛ, ਸਮੁੰਦਰ ਵਾਸੀ
ਸਵਾਦ ਨਾਲ
ਖਾਣਗੇ ਬੋਟੀ ਬੋਟੀ ਕਰਕੇ
ਜਾਂ ਫਿਰ
ਆਵੇਗੀ ਕੋਈ ਭਾਰੀ ਵੱਡੀ
ਵੇਲ ਮੱਛੀ
ਤਿੱਖੇ ਦੰਦ ਜਿਸਮ ਵਿਚ
ਖੋਭ ਕੇ
ਸਾਗਰ ਅੰਦਰ ਲੈ ਜਾਵੇਗੀ,
ਉਸ ਵਕਤ ਨੇ ਕੰਨ ਵਿਚ ਆਖਿਆ
ਜ਼ਿੰਦਗੀ ਦੀਆਂ ਲਹਿਰਾਂ ਸੰਗ
ਡੁੱਬਦੀ ਤੇ ਤਰਦੀ
ਰੰਗ ਰੱਤਾ ਜੀਵਨ
ਸਾਰੇ ਸਵਾਸ, ਸਭੋ ਆਸ
ਮਸਨੂਹੀ ਰਿਸ਼ਤੇ
ਮਗਰਮੱਛ ਦਾ ਰੂਪ ਧਾਰਕੇ
ਧਰਤੀ ’ਤੇ ਧੁੱਪ ਸੇਕਦੇ
ਤੇਰੀ ਹੋਂਦ ਦੇ
ਟੁਕੜੇ ਕਰਕੇ
ਰਹੇ ਵੰਡਦੇ
ਜ਼ਰਾ ਨਾ ਸੰਗਦੇ
ਹਸਰਤ ਹਰ ਇਕ

ਡੁੱਬ ਗਈ
ਜੀਵਨ ਸਾਗਰ ਵਿਚ
ਕਿਉਂ ਫਿਰ ਖ਼ੁਦਕੁਸ਼ੀ ਕਰਕੇ
ਮਰਨਾ ਚਾਹੇਂ
ਰਹੇਂ ਭੁਲੇਖੇ
ਕਿਸਦੇ ਲੇਖੇ
ਮਰ ਚੁੱਕੀ ਜਿੰਦ
ਦੋਬਾਰਾ ਮਰਨਾ ?
ਸਾਗਰ ਕੰਢਿਉਂ ਮੁੜ ਆਈ....।

-ਜੂਨ 2006

# ਕਰਜ਼

ਜ਼ਿੰਦਗੀ ਮੌਤ ਕੋਲ
ਗਿਰਵੀ ਰੱਖ ਕੇ
ਲਮਹਾ ਲਮਹਾ ਜਿਉਣਾ
ਉਮਰ ਦਾ ਕਰਜ਼ ਚੁਕਾਉਣਾ
ਹੱਸਣਾ ਹਸਾਉਣਾ
ਖ਼ਾਨਾਬਦੋਸ਼ ਕੁੜੀ
ਪਹਿਲਾਂ
ਬੀਵੀ ਵਿਚ ਤਬਦੀਲ ਹੋਈ
ਮਾਂ ਦੇ ਫਰਜ਼ ਨਿਭਾਉਂਦੀ
ਗ੍ਰਹਿਸਤਣ ਬਣ ਗਈ,
ਆਪਣਾ ਜੰਗਲ
ਹਰਿਆਲੀ ਰੁੱਖਾਂ ਦੀ
ਪੰਛੀਆਂ ਦੇ ਗੀਤ
ਫੁੱਲਾਂ ਦੇ ਰੰਗ
ਰਸ ਭਿੰਨੀ ਖ਼ੁਸ਼ਬੂ
ਮਨਫੀ ਹੁੰਦੀ
ਰਾਹ ਲੱਭਦੀ
ਰਸਤੇ ਵਿਚ ਖਲੋਤੀ
ਪੌਣ ਨਾਲ ਰਲਕੇ
ਉੱਡਣਾ ਚਾਹੇ
ਖਾਨਾਬਦੋਸ਼ ਕੁੜੀ
ਕੰਧਾਂ ਵਿਚ
ਸੁਰੱਖਿਅਤ ਬੈਠੀ
ਝਰੋਖੇ ਲੱਭਦੀ
ਸਾਹ ਲੈਣਾ ਭੁੱਲ ਗਈ
ਮਰ ਗਈ.....।

–ਜੂਨ 2007

# ਇੰਜ ਹੀ ਗੁਜ਼ਰਦੀ ਜ਼ਿੰਦਗੀ

ਉਹ ਜ਼ਿੰਦਾ ਦਿਸਦੀ
ਅੰਦਰ ਉਹਦੇ
ਇਕ ਲਾਸ਼ ਲਟਕਦੀ
ਸੰਗ ਉਹਦੇ ਤੁਰਦੀ
ਹਰ ਪਲ ਦਾ
ਜੋਖ਼ਮ ਉਠਾਉਂਦੀ
ਪਿੰਜਰੇ ਵਿਚ ਕੈਦ ਜਿੰਦ
ਪੰਛੀ ਵਾਂਗ
ਸਹਿਮ ਜਿਉਂਦੀ
ਵਕਤ ਦੇ ਵਤਨ ਵਿਚ
ਹੋਂਦ ਉਸਦੀ
ਇਰਾਕ ਵਾਂਗ
ਜੰਗ ਦੀ ਮਾਰ ਸਹਿੰਦਿਆਂ
ਹੌਲੀ ਹੌਲੀ ਮੁੱਕਦੀ ਜਾਂਦੀ,
ਉਹ ਜਿਸਮ ਦੀ ਧਰਤੀ ਗਾਹੁੰਦਾ
ਮਾਸ ਪਲੋਸਦਾ
ਕੱਟਦਾ, ਨਾਲ ਰਹਿੰਦਾ
ਕੋਲ ਆਉਂਦਾ
ਹਲਾਲ ਕਰਦਾ
ਗਰਮ ਖ਼ੂਨ ਪੀਂਦਾ
ਮਾਸ ਦੇ ਨਿੱਕੇ ਨਿੱਕੇ ਟੋਟੇ
ਕਾਮ ਅਗਨੀ ਤੇ ਧਰਦਾ
ਮਾਸ ਰਿੱਝਦਾ
ਮਾਸ ਭੁੱਜਦਾ
ਇਰਾਕ ਦੇ ਮੱਥੇ ’ਤੇ ਬੋਸਾ ਰੱਖ ਕੇ
‘ਬੁਸ਼’ ਵਾਂਗ ਸ਼ੌਕ ਨਾਲ ਮਾਸ ਚਬਾਉਂਦਾ
ਰਹਿਮ ਨਾ ਉਸਨੂੰ ਆਉਂਦਾ
ਜ਼ਿੰਦਗੀ ਦੇ ਕੈਮਰੇ ਸਾਹਵੇਂ ਖਲੋਤਾ
ਵੱਡੀਆਂ ਮੁਸਕਾਨਾਂ ਵਾਲੀਆਂ

ਤਸਵੀਰਾਂ ਖਿਚਵਾਉਂਦਾ
ਭਾਈਚਾਰਾ ਪਾਉਂਦਾ,
ਰੋਜ਼ ਪੀੜਾਂ ਵਿਲਕਦੀਆਂ
ਰੌਂਦੀਆਂ, ਗਲ ਨਾਲ ਲਾਉਂਦੀਆਂ
ਐਟਮ ਬੰਬਾਂ ਦੀ ਗਰਜਨਾ
ਅੱਗ ਬਰਸੀ
ਸੁੱਕ ਗਈ
ਹੰਝੂਆਂ ਦੀ ਧਰਤੀ
ਰੂਹ ਮਨ ਦੀਆਂ
ਪੌੜੀਆਂ ਉੱਤਰਦੀ
ਉਥੇ ਲਟਕਦੀ ਲਾਸ਼ ਨਾਲ
ਗਲਵਕੜੀ ਪਾਉਂਦੀ
ਇੰਜ ਹੀ ਗੁਜ਼ਰਦੀ ਜ਼ਿੰਦਗੀ.......।

–ਸਤੰਬਰ 2003

## ਖਵਾਬਗਾਹ

ਜਿਥੇ ਸੁਪਨੇ ਰੋਂਦੇ
ਉਹ ਨਿਸਚਿੰਤ ਸੌਂਦਾ
ਮੈਂ ਜਾਗਦੀ
ਸਾਰੀ ਰਾਤ

## ਬੈੱਡ ਰੂਮ

ਅਰਾਮਦੇਹ ਕੂਲੀ ਮੈਟਰੈੱਸ
ਸੁਨਿਹਰੀ ਢੋਅ ਵਾਲੇ ਬੈੱਡ
ਉੱਤੇ ਵਿਛੀ
ਸਫ਼ੈਦ ਚਾਦਰ 'ਤੇ
ਗੁਲਾਬ ਦੇ ਫੁੱਲਾਂ ਦੀ ਕਢਾਈ
ਨਰਮ ਸਿਰਹਾਣਾ
ਕੰਧਾਂ ਹਨ
ਛੱਤ ਹੈ
ਤਾਪਮਾਨ ਅਨੁਕੂਲ ਹੈ
ਨੀਂਦ ਕਿਉਂ ਨਹੀਂ ਆਉਂਦੀ ?

## ਸੌਣ ਕਮਰਾ

ਸਿਸਕੀਆਂ ਖ਼ਾਮੋਸ਼ ਹਨ
ਮੁਹੱਬਤ ਰੋ ਰਹੀ
ਸੁਪਨਿਆਂ ਆਖੀ ਅਲਵਿਦਾ
ਖ਼ੁਮਾਰ ਨਹੀਂ
ਪਿਆਰ ਨਹੀਂ
ਨੀਂਦ ਪਰਵਾਜ਼ ਕਰ ਗਈ।                    –2004

# ਸਰਹੱਦ ਦੀ ਮਿੱਟੀ

ਬਹੁਤ ਸਮਾਂ ਹੋ ਗਿਆ
ਮੈਨੂੰ ਮੇਰੇ ਨਾਲ ਮਿਲਿਆਂ
ਮਿਲੀ ਸਾਂ ਆਪਣੇ ਆਪ ਨੂੰ
ਪਾਈ ਸੀ ਜੱਫੀ ਘੁਟ ਕੇ–
ਕਦੀ?
ਮੈਨੂੰ ਯਾਦ ਨਹੀਂ
ਉਸਨੇ ਆਖਿਆ,
ਤੂੰ ਠਹਿਰ ਜਾ
ਠਹਿਰੀ ਹੀ ਰਹਿ
ਰਹਿ ਕੇ ਨਾ ਜਾ
ਠਹਿਰ ਜਾ,
ਗਈ ਮੈਂ ਠਹਿਰ
ਕਿਸ ਜਗ੍ਹਾ
ਬੇਪਛਾਣ ਜੁ
ਅਣਜਾਣ ਜੁ
ਭੁੱਲ ਗਈ ਸਿਰਨਾਵਾਂ
ਹਰ ਦਿਸ਼ਾ
ਸਾਂਝੀ ਜ਼ਮੀਨ* ਲੱਭਦੀ
ਭੁੱਲ ਗਈ ਆਪਣੇ ਆਪ ਨੂੰ
ਠਹਿਰ ਗਈ ਸਰਹੱਦ 'ਤੇ
ਨਾ ਉਰਲੇ ਨਾ ਪਰਲੇ ਪਾਸੇ
ਮੈਨੂੰ ਮੇਰੇ ਨਾਲ ਮਿਲਿਆਂ
ਬਹੁਤ ਸਮਾਂ ਹੋ ਗਿਆ!

* ਨੋ ਮੈਨਜ਼ ਲੈਂਡ

–ਜੂਨ 1999

# ਕਾਂਗੜੀ

ਕਾਂਗੜੀ ਨੂੰ ਉਸਨੇ
ਜਦ ਲੱਗਿਆ ਪਾਲਾ
ਫੂਕਾਂ ਮਾਰ ਕੇ ਬਾਲਿਆ
ਗਲ ਵਿਚ ਪਾਇਆ
ਛਾਤੀ ਨਾਲ ਲਾਇਆ
ਨਿੱਘ ਅੰਦਰ ਪਾਇਆ
ਬਲਦੀ ਕਾਂਗੜੀ ਨੂੰ,
ਕੋਨੇ ਵਿਚ ਟਿਕਾਇਆ 'ਤੇ
ਭੁੱਲ ਗਿਆ
ਕਾਂਗੜੀ ਬਲਦੀ ਰਹੀ
ਘਰ ਨੂੰ ਗਰਮ ਕਰਦੀ ਰਹੀ।

–ਫਰਵਰੀ 1999

# ਭੁੱਖ

ਦੂਜੇ ਦੀ ਖੁਰਲੀ ਵਿਚੋਂ
ਪੱਠੇ ਖਾਣੇ
ਜੁਗਾਲੀ ਕਰਨੀ
ਝੱਗ ਨਾਲ ਭਰਿਆ ਮੂੰਹ ਲੈ ਕੇ
ਔਰਤ ਦੇ ਅਜ਼ਾਨ ਵਰਗੇ
ਪਵਿਤਰ
ਜਿਸਮ ਨੂੰ ਚੁੰਮਣਾ
ਤੱਤੇ ਸਾਹਾਂ ਦਾ ਦਹਿਕਣਾ
ਬੁੱਝ ਜਾਣਾ
ਭੁੱਲ ਜਾਣਾ
ਭੁੱਖ ਲਗਣ 'ਤੇ ਯਾਦ ਆਉਣਾ
ਉਹ ਕਿਤੇ ਏਥੇ ਹੀ ਰਹਿੰਦੀ ਹੈ।

–ਫਰਵਰੀ 1999

# ਫ਼ਨਾਹ

ਤੂੰ ਵਰਦਾਨ
ਮੈਂ ਵਰਜਿਤ ਰਹੀ
ਰੂਹ
ਕਾਮਨਾ
ਚਾਹਤ
ਸਮਰਪਤ ਰਹੀ
ਵਜੂਦ ਬਣ ਗਿਆ
ਸਰਾਪਿਆ ਬੁੱਤ
ਬਿਨਾਂ ਧੜਕਣ
ਬਿਨਾਂ ਸਾਹ
ਬਿਨਾਂ ਇੱਛਾ
ਦੁਮੇਲ ਤੇ ਖਲੋਤਾ
ਫ਼ਨਾਹ ਹੋ ਰਿਹਾ।

–ਸਤੰਬਰ 2004

## ਬਰੇਨ ਹੈਮਰੇਜ

ਜਾਗੀ ਹਾਂ ਕਈ ਵਾਰ
ਘੂਰੀ ਵੱਟ ਕੇ ਜਾਂ
ਚਪੇੜ ਵਿਖਾ ਕੇ
ਸੁਆ ਦਿਤੀ ਗਈ ਹਾਂ
ਖੱਬੀ ਗੱਲ੍ਹ ਤੇ ਛਪੀਆਂ ਪੰਜ ਉਂਗਲਾਂ ਦੇ
ਨਿਸ਼ਾਨ ਵੇਖੇ ਨਾ ਕਿਸੇ
ਕਸੂਰਵਾਰ ਠਹਿਰੀ ਮੇਰੀ ਮਿੱਟੀ, ਇਸੇ ਲਈ
ਮਿੱਟੀ ਅੰਦਰ ਧੜਕਦਾ ਦਿਲ
ਉਹਦੇ ਉਤੇ ਛਪਿਆ ਪੰਜਾ
ਜਿਹਦੀਆਂ ਨਹੁੰਦਰਾਂ
ਕੱਟਦੀਆਂ ਵੱਢਦੀਆਂ
ਪਸ਼ੇਮਾਨ ਪਰੇਸ਼ਾਨ
ਲਹੂ ਲੁਹਾਨ ਕਰਦੀਆਂ
ਲਹੂ ਦੇ ਹੰਝੂ ਰੋਂਦੇ ਹੌਕੇ
ਬੂੰਦਾਂ ਅੰਦਰਵਾਰ ਡਿਗਦੀਆਂ
ਦਿਮਾਗ ਵਲ ਜਾਂਦੀਆਂ
ਨਾੜਾਂ ਵਿਚ ’ਕੱਠੀਆਂ ਹੁੰਦੀਆਂ
ਡਾਕਟਰ ਆਖਦੇ,
ਦਿਮਾਗ ਦੀ ਨਾੜੀ ਫਟ ਗਈ
ਬਰੇਨ ਹੈਮਰੇਜ ਨਾਲ
ਉਹ ਮਰ ਗਈ
ਦਿਲ ਤਾਂ ਉਹਦਾ
ਚੰਗਾ ਭਲਾ ਸੀ! –ਜੁਲਾਈ 1999

## ਵਰਜਣਾ

ਮੇਰੀ ਝੋਲੀ
ਫੁੱਲਾਂ ਨਾਲ ਭਰ ਗਈ
ਵਰਜਣਾ ਨੂੰ ਪਾਰ ਕਰਕੇ
ਤੈਨੂੰ ਮਿਲਣ ਦੀ
ਸਜ਼ਾ ਮਿਲੀ
ਚੌਰਸਤੇ ਵਿਚ ਬੈਠੀ
ਜਿੰਦ ਨਿਮਾਣੀ
ਸਾਰੇ 'ਸ਼ਿਬਲੀ' ਬਣ ਗਏ
ਰਾਹ ਵਿਚੋਂ ਲੰਘਦੇ
ਫੁੱਲ ਮਾਰਦੇ
ਜ਼ਖ਼ਮ ਮਚਦੇ
ਫੁੱਲਾਂ ਵਿਚ ਵਟਦੇ
ਮਾਰ ਸਹਿੰਦੀ
ਝੋਲੀ ਵਿਚ
ਫੁੱਲਾਂ ਦਾ ਸ਼ਗੁਨ
ਪਵਾਉਂਦੀ ਰਹੀ।

–ਸਤੰਬਰ 2004

## ਬੰਸਰੀ

ਬੰਸਰੀ ਦੇ ਸੀਨੇ ਵਿਚ
ਸੱਤ ਛੇਕ
ਕਿਸਨੇ ਕੀਤੇ
ਉਹਦੀ ਮਰਜ਼ੀ ਤੋਂ ਬਿਨਾਂ
ਉਹ ਗਾਉਂਦੀ
ਬਾਂਸ ਦੀ ਹੂਕ ਰੋਂਦੀ
ਬੰਸਰੀ ਦੀ ਕਿਸਮਤ
ਹਰਿਆਲੀ ਲੱਭਦੀ
ਜੰਗਲ ਵਿਚ ਜਾਂਦੀ
ਪੌਣ ਸੰਗ ਰੁਮਕਦੀ
ਬਾਂਸ ਨੂੰ ਲੱਭਦੀ
ਬੰਸਰੀ....

–ਜੁਲਾਈ 1998

# ਦਸ਼ਾਨੰਦ ਦੀ ਭੈਣ

ਮੇਰੇ ਕੋਲ ਸਵੇਰ ਤੋਂ ਬੈਠੀ
ਸਰੂਪਨਖਾ
ਸਬੰਧੀਆਂ ਦੇ ਵਜੂਦ ਨੂੰ
ਬਲਦਾ ਵੇਖ ਕੇ
ਰੋਂਦੀ ਰਹੀ
ਔਹ ਵੇਖ,
ਵੀਰ ਦਸ਼ਾਨੰਦ-ਰਾਵਣ ਦੀ
ਚਿਤਾ ਬਲ ਰਹੀ
ਕੁਲ ਮਰਿਆਦਾ ਖਾਤਰ
ਸੀਤਾ ਨੂੰ ਜਿਸਨੇ ਉਧਾਲਿਆ
ਆਪਣੇ ਰਾਜ ਦੇ ਜੰਗਲ ਵਿਚੋਂ
ਜਿਥੇ ਬਣਵਾਸੀ ਰਾਮ, ਲਛਮਣ
ਸੀਤਾ ਰਹਿੰਦੇ,
ਭੈਣ ਦੀ ਬੇਇਜ਼ਤੀ ਦਾ
ਬਦਲਾ ਲੈਣ ਵਾਸਤੇ
ਕੁੰਭਕਰਣ ਨੀਂਦ ਵਿਚੋਂ ਜਾਗਿਆ
ਜੰਗ ਦੇ ਮੈਦਾਨ ਵਿਚ ਲੜਦਾ
ਮੋਇਆ
ਮਰਿਆਦਾ ਖ਼ਾਤਰ ਸ਼ਹੀਦ
ਹੋਇਆ
ਹੁਣ ਕੁੰਭਕਰਣ ਨੂੰ
ਅੱਗ ਲਗ ਗਈ,
ਉੱਚੀ ਉੱਚੀ ਰੋਂਦੀ ਸਰੂਪਨਖਾ
ਵੈਣ ਪਾਉਂਦੀ ਆਖਦੀ,
ਔਹ ਮੇਘ ਯੋਧਾ ਵੀ
ਬਲ ਰਿਹਾ
ਸੂਰਬੀਰ ਬਲਵਾਨ
ਲੋਕਾਈ ਦਾ ਰਖ਼ਸ਼ਸ਼

ਇੰਦਰ ਦੇਵ ਨੂੰ ਹਰਾ ਕੇ
'ਇੰਦਰਜੀਤ' ਨਾਮ ਕਹਾਇਆ
ਮਾਂ-ਮਾਂਦੋਦਰੀ ਦਾ ਲਾਡਲਾ
ਚਾਚੇ ਭਬੀਖਣ ਦਿਤਾ
ਧੋਖਾ
ਲਛਮਣ ਹੱਥੋਂ ਮੋਇਆ,
ਸਭ ਕੁਨਬੇ ਦੇ ਜੰਗ ਵਿਚ
ਬਲੀ ਚੜ੍ਹਨ 'ਤੇ
ਰਾਜ ਭਬੀਖਣ ਦਾ ਹੋਇਆ
ਇੰਦਰਜੀਤ ਨੂੰ ਹਰਿਆ ਵੇਖ ਕੇ
ਪਰਿਵਾਰ ਦੇ ਸਭ ਜੀਆਂ ਨੂੰ ਮਰਿਆ ਵੇਖ ਕੇ
ਹੰਝੂ ਪੂੰਝ ਕੇ ਸਰੂਪਨਖਾ ਪੁਛਦੀ
ਭਾਰਤ ਵਿਚ,
ਕਿਉਂ ਸੀਤਾ ਕੋਲ ਅਜੇ ਵੀ ਘਰ ਨਹੀਂ?
ਕਿਉਂ ਅਹੱਲਿਆ ਦਾ ਬਲਾਤਕਾਰ ਜਾਰੀ?
ਕਿਉਂ ਸਰੂਪਨਖਾ ਲਈ ਅਜੇ ਵੀ ਕਤਲ ਹੁੰਦੇ?
ਕਿਉਂ ਕਿਉਂ ਕਿਉਂ ਆਖ਼ਰ ਕਿਉਂ???

* ਇਹ ਨਜ਼ਮ 13-10-2013 ਦੁਸਹਿਰੇ ਵਾਲੇ ਦਿਨ ਲਿਖੀ ਸੀ। ਸਾਰਾ ਦਿਨ ਮਨ ਉਦਾਸ ਅਤੇ ਪ੍ਰਸ਼ਨਾਂ ਵਿਚ ਘਿਰਿਆ ਰਿਹਾ। ਨਜ਼ਮ ਨੂੰ ਸਵਾਲਾਂ ਨਾਲ ਸਮਾਪਤ ਕੀਤਾ ਤਾਂ ਅੱਖਾਂ ਵਿਚ ਅੱਥਰੂ ਆ ਗਏ। ਦੂਸਰੀ ਤਰ੍ਹਾਂ ਅੰਤ ਦੇਣ ਦੀ ਕੋਸ਼ਿਸ਼ ਕੀਤੀ ਤਾਂ ਇਕ ਹੋਰ ਸਵਾਲ, ਇਕ ਹੋਰ ਨਜ਼ਮ ਲਿਖੀ ਗਈ, ਜੋ ਇਸਤਰ੍ਹਾਂ ਹੈ:

ਜੰਗਲ ਵਿਚ ਬੇਘਰ ਘੁੰਮਦੀ
ਸੀਤਾ
ਸਰੂਪਨਖਾ ਕੋਲ ਆਉਂਦੀ
ਉਹਦੇ ਹੰਝੂ ਪੂੰਝਦੀ
ਕਿਹੜੀ ਮਰਿਆਦਾ
ਕਿਹੜੇ ਸੰਸਕਾਰ
ਕਿਹੜੀ ਸੰਸਕ੍ਰਿਤੀ

ਦੇਸ਼ ਦੀਆਂ ਗਲੀਆਂ ਵਿਚ
ਅਹੱਲਿਆ ਦੀ ਅਸਮਤ ਦਾ
ਅਜੇ ਵੀ ਹੋ ਰਿਹਾ ਕਾਰੋਬਾਰ
ਆਪਣਾ ਵਜੂਦ ਤਲਾਸ਼ਦੀ
ਉਹ ਬੇਬਸ
ਤਰਲੇ ਪਾਉਂਦੀ ਤੇ ਕੁਰਲਾਉਂਦੀ,
ਉਦਾਸ ਨਾ ਹੋ ਸਖੀ
ਸਮੇਂ ਦੇ ਆਰ ਪਾਰ
ਯੁਗਾਂ ਯੁਗਾਂਤਰਾਂ ਤੋਂ
ਦਸ਼ਾਨੰਦ ਦੇ ਜਤ ਸਤ ਤੋਂ ਡਰਦੇ
ਰਾਵਣ ਨੂੰ ਜ਼ਿੰਦਾ ਰਖਦੇ
ਉਹਦਾ ਨਾਮ ਉਹ ਜਪਦੇ
ਬਾਲ ਕੇ ਉਹਦਾ ਪੁਤਲਾ
ਸਾਬਤ ਇਹ ਕੀ ਕਰਦੇ ?

## ਵਿਸਰਜਣ

ਤੇਰੀ ਸੂਰਤ
ਬਣ ਕੇ ਮੂਰਤ
ਮਨ ਮੰਦਿਰ ਵਿਚ ਸਥਾਪਤ
ਰੋਜ਼ ਪੂਜਾ ਅਰਚਨਾ ਕਰਦੀ
ਅਹਿਸਾਸਾਂ ਦੀ ਧੂਫ ਬਾਲਦੀ
ਜਜ਼ਬਿਆਂ ਦਾ ਤੇਲ ਪਾਉਂਦੀ
ਸ਼ਿੱਦਤ ਦੀ ਬੱਤੀ ਬਾਲ
ਦੀਵਾ ਜਗਾਉਂਦੀ
ਮਿਲਣ ਦੇ ਰਾਹ
ਰੌਸ਼ਨ ਕਰਦੀ
ਅਰਘ ਚੜ੍ਹਾਉਂਦੀ
ਪ੍ਰੇਮ ਭਜਨ ਗਾਉਂਦੀ,
ਭਈ ਦੀਵਾਨੀ
ਸੰਧਿਆ ਵੇਲੇ
ਵਟਣਾ ਮਲਕੇ
ਤੇਰੀ ਮੂਰਤ
ਪਵਿਤਰ ਖਿਆਲਾਂ ਦੇ
ਦੁੱਧ ਨਾਲ ਨਹਾਉਂਦੀ
ਸੂਖਮ ਛਿਣ
ਰੁਣਝੁਣ ਲਾਉਂਦੇ
ਕਿਣਮਿਣ ਕਰਦੇ
ਕੀਤਾ ਮੈਂ ਇਤਬਾਰ
ਅਪਨਾਇਆ ਰੀਤੀ ਰਿਵਾਜ
ਉਹ ਨਾ ਬੋਲਦੀ
ਨਾ ਕੁਝ ਕਹਿੰਦੀ
ਨਾ ਉਹ ਉਦਾਸ
ਨਾ ਖ਼ੁਸ਼ ਰਹਿੰਦੀ
ਕਰਾਂ ਵਿਸਰਜਣ
ਵਰਤਮਾਨ ਦੀ ਨਦੀ ਵਿਚ
ਤੇਰੀ ਮੂਰਤ
ਗੀਤ ਇਹੋ ਕਹਿੰਦੀ....। –ਅਕਤੂਬਰ 2002

## ਚੂੜੀ ਦਾ ਟੋਟਾ

ਚੂੜੀ ਦਾ ਨਿੱਕਾ ਟੋਟਾ
ਨਿਸ਼ਾਨੀ ਬਣਕੇ
ਹਥੇਲੀ ਵਿਚ ਟੁਟਦਾ
ਗਵਾਹੀ ਭਰਦਾ
ਸੁੱਚੇ ਰੇਸ਼ਮੀ
ਪ੍ਰੇਮ ਦੀ,
ਮਾਸੂਮ ਬਚਪਨ
ਸੂਹੇ ਗੁਲਾਬ ਹੱਸਦੇ
ਚੰਬਾ ਕਲੀਆਂ ਖਿੜਦੀਆਂ
ਜ਼ਾਲਮ ਹੱਕ ਨਾਲ ਭਰੀਆਂ
ਕਮੀਨੀਆਂ ਚਾਹਤਾਂ
ਇਹਨਾਂ ਫੁੱਲ ਪੱਤੀਆਂ ਵਿਚੋਂ
ਮਨਫੀ ਸਨ,
ਸੋਹਲ ਪਲਾਂ ਵਿਚੋਂ
ਮਹਿਕ ਨੂੰ ਅਪਣਾ ਕੇ
ਆਪਣਾ ਬਣਾ ਕੇ
ਜ਼ਿੰਦਗੀ ਵਿਚ ਵਸਾ ਕੇ
ਜਿਊਣ ਦੀ ਕੀਤੀ ਕੋਸ਼ਿਸ਼,
ਮੁਹੱਬਤ ਦੀ ਮੈਨਾ ਦੇ
ਕੰਠ ਵਿਚ ਚੁਭਿਆ
ਅਧਿਕਾਰ ਦਾ ਕੰਡਾ
ਹਥੇਲੀ ਵਿਚ ਚੁਭਿਆ
ਚੂੜੀ ਦਾ ਟੋਟਾ
ਅੱਖਾਂ ਵਿਚੋਂ ਹੰਝੂ
ਗੁਲਾਲ ਰੰਗ ਵਿਚ
ਬਰਸਦੇ ਰਹੇ!

–ਜਨਵਰੀ 1992

# ਮਾਅਨੇ ਬਣਵਾਸ ਚਲੇ ਗਏ

ਰਿਸ਼ਤਿਆਂ ਨੂੰ ਉਹ
ਗਮਲਿਆਂ ਵਿਚ ਬੀਜਦਾ
ਪਾਣੀ ਦੇਂਦਾ
ਬਾਤਾਂ ਦੀ ਖਾਦ ਪਾਉਂਦਾ
ਸੋਚਦਾ
ਇਹਨਾਂ ਪੌਦਿਆਂ ’ਤੇ ਫੁੱਲ ਖਿੜਨ
ਆਪਣੇ ਡਰਾਇੰਗ ਰੂਮ ਵਿਚ
ਸਜਾ ਲਵੇ ਫਿਰ!
ਰਿਸ਼ਤਿਆਂ ਨੇ ਭਰਿਆ
ਲਾਲ ਰੰਗ ਜੀਵਨ ਵਿਚ
ਲਹੂ ਰੰਗੇ ਰਿਸ਼ਤੇ ਜਿਉਂਦਿਆਂ
ਗੁਲਾਬ ਦੇ ਕੰਡਿਆਂ ਜਿਹੇ
ਬੋਲ ਹੰਢਾਉਂਦਿਆਂ
ਜ਼ਖ਼ਮਾਂ ਦੀ ਮਹਿਕ ਸੰਗ
ਸਫ਼ਰ ਕਰਦਿਆਂ
ਜ਼ਿੰਦਗੀ ਦੀ ਪਗਡੰਡੀ ’ਤੇ ਤੁਰਦਿਆਂ
ਰਿਸ਼ਤਾ ਰਹਿ ਗਿਆ
ਮਾਅਨੇ ਬਣਵਾਸ ਚਲੇ ਗਏ
ਜੰਗਲ ਵਿਚ ਭੌਂਦੀ
ਰਿਸ਼ਤਿਆਂ ਦੀ ਪਰਿਭਾਸ਼ਾ ਤੋਂ ਮੁਕਤ
ਖਾਨਾਬਦੋਸ਼ ਰੂਹ ਮੇਰੀ
ਕਿਸੇ ਗੁਲਦਾਨ ਵਿਚ
ਲਾਲ ਗੁਲਾਬ ਬਣਕੇ
ਸੱਜਣਾ ਨਹੀਂ ਚਾਹੁੰਦੀ

–ਮਾਰਚ 2003

# ਇਕ ਸੀ ਦਰੋਪਦੀ

ਕੌਣ ਕ੍ਰਿਸ਼ਨ
ਕੌਣ ਪਾਂਡਵ
ਕੌਣ ਕੌਰਵ
ਇਕ ਸੀ ਦਰੋਪਦੀ
ਵਾਰੀ ਵਾਰੀ ਸਭ
ਉਸਨੂੰ ਮਿਲੇ,
ਉਹਦੇ ਵਜੂਦ ਉਤੇ
ਕਾਬੂ ਪਾਉਣ ਲਈ
ਸੁੱਰਖਿਆ ਦੇ
ਵਸਤਰ ਪਹਿਨਾਉਣ ਲਈ
ਜੀਵਨ ਸਾਗਰ ਵਿਚ
ਉੱਤਰ ਜਾਣ ਲਈ
ਗਹਿਰਾ ਡੁੱਬ ਕੇ
ਤਰ ਜਾਣ ਲਈ,
ਦਰੋਪਦੀ ਦੇ ਕੇਸ ਖੁਲ੍ਹੇ
ਉਹ ਚਲੀ ਗਈ
ਸੈਲੂਨ ਵਿਚ
ਉਹਨਾਂ ਨੂੰ ਫੈਸ਼ਨਦਾਹਰ
ਕਟਵਾਉਣ ਲਈ
ਦਰੋਪਦੀ ਨੇ ਬੇਬਾਕ
ਐਲਾਨ ਕੀਤਾ,
ਉਡੀਕਣਾ ਨਹੀਂ ਚਾਹੁੰਦੀ
ਉਹ ਕਿਸੇ ਭੀਮ ਨੂੰ।

–ਜਨਵਰੀ 2005

# ਯੂ ਟਰਨ

ਸੰਨਿਆਸ ਲੈ ਲਵਾਂ
ਲੋਭ, ਮੋਹ, ਮਾਇਆ ਜਾਲ ਵਿਚੋਂ
ਨਿਕਲ ਕੇ ਤੁਰ ਪਵਾਂ
ਜੰਗਲ ਵਲ
ਬੁਜ਼ਦਿਲ ਏਂ ?
ਮੁਕਾਬਲਾ ਕਰ
ਕਿਸਦਾ ?
ਸਾਰੇ ਆਪਣੇ ਹਨ
ਆ+ਪਣੇ, ਆਪਣੇ ਅੰਦਰ
ਜ਼ਿੰਦਾ ਰਖ ਕੇ
ਸੰਘਰਸ਼ ਕਰ
ਕਿਸਦੇ ਨਾਲ ?
ਲਹੂ ਵਿਚ ਲਰਜ਼ਦੀਆਂ
ਸ਼ਖ਼ਸੀਅਤਾਂ ਨਾਲ
ਸਾਹਮਣੇ ਖਲੋ
ਮਨ ਦੇ ਚਿਹਰੇ ਵਿਚ
ਕਿੰਨੇ ਚਿਹਰੇ
ਆਪਣਾ ਚਿਹਰਾ ਪਛਾਣ
ਉਸ ਚਿਹਰੇ ਨੂੰ ਆਪਣੇ
ਸੰਗ ਲੈ ਕੇ ਤੁਰ ਜਾ,
ਖ਼ੁਦਗਰਜ਼ੀ ਹੈ ਇਹ
'ਪ੍ਰੇਮ' ਤੇਰਾ ਹੈ ਤੇਰੇ ਨਾਲ
ਇਸਨੂੰ ਸੰਭਾਲ
ਇਹਦੇ ਮਾਅਨੇ ਤਲਾਸ਼
ਬਣਾਂ ਵਿਚ ਜਾ ਜਾਂ ਫਿਰ
ਏਥੇ ਹੀ ਰਹਿ
ਗ੍ਰਹਿਸਤੀ ਨੂੰ ਪਰਨਾਈ
ਦੁਨੀਆਂਦਾਰੀ ਨਿਭਾ
ਇਹੋ ਤੇਰਾ ਸੰਨਿਆਸ ਹੈ
ਬੰਦ-ਵਾਸ ਹੈ,
ਬੰਦ ਗਲੀ ਵਿਚ
ਜ਼ਿੰਦਾ ਰਹਿ
ਇਸ ਗਲੀ ਵਿਚ ਰਹਿੰਦਿਆਂ
ਯੂ ਟਰਨ ਲੈ ਕੇ
ਨਿਕਲਣ ਦਾ ਰਸਤਾ
ਤਲਾਸ਼......।

-ਮਈ 2008

## ਸੋਚਾਂ ਦਾ ਰੇਸ਼ਮ

ਸੁਰਤੀ ਤੋਂ ਮੁਕਤੀ ਦਾ ਪੈਂਡਾ
ਡਾਢਾ ਔਖਾ
ਕਿੰਨਾ ਮੁਸ਼ਕਲ ਇਸ 'ਤੇ ਤੁਰਨਾ
ਆਵਾਜ਼ ਗਿਰਵੀ ਰੱਖ ਕੇ
ਲਫਜ਼ਾਂ ਨੂੰ ਕੈਦ ਕਰਕੇ
ਖ਼ਾਹਸ਼ਾਂ ਦੇ ਜੁਗਨੂੰ
ਕਤਲ ਕਰਕੇ
ਖੌਫ਼ਨਾਕ ਹਨੇਰਾ
ਮੰਜ਼ਿਲ ਕਿਥੇ ?
ਚਾਨਣ ਦੀ ਕਾਤਰ ਕਿੰਜ ਲੱਭੇ
ਸੰਘਰਸ਼ ਦੇ ਪੈਰ ਕੰਬਦੇ, ਥਿੜਕਦੇ
ਸੁਰਤੀ, ਹਕੀਕਤ ਦੀ ਜ਼ਮੀਨ 'ਤੇ ਬੈਠੀ
ਰੋਵੇ–
ਕੌਣ ਜਾਣਦਾ ?
ਹੰਝੂਆਂ ਦੀ ਦਾਸਤਾਨ
ਦਿਸਦੀ ਸਭ ਨੂੰ
ਹੋਠਾਂ ਤੇ ਚਿਪਕੀ
ਮਸਨੂਹੀ ਮੁਸਕਾਨ
ਚਿਹਰੇ ਤੇ ਖਿੜੇ ਗੁਲਾਬ
ਅੱਖਾਂ ਵਿਚ ਉਦਾਸੀ ਦਾ ਵਾਸ
ਦੁਨੀਆਂ ਦੇ ਮੇਲੇ ਵਿਚ
ਤਨਹਾ ਜਿਊਣਾ ਕਿੰਨਾ ਮੁਸ਼ਕਲ
ਕੋਈ ਨਾ ਜਾਣੇ,
ਰੁਸਵਾ ਹੋਣਾ
ਜ਼ਲੀਲ ਹੋ ਕੇ
ਜ਼ਿੰਦਾ ਰਹਿਣਾ
ਕਿੰਜ ਲਗਦਾ ?

ਇਹ ਕੈਸੀ ਸੁਰਤੀ
ਕਿੰਜ ਮਿਲਣੀ ਮੁਕਤੀ
ਚੰਗਾ ਹੁੰਦਾ
ਚਾਨਣ ਦਾ
ਭੇਤ ਨਾ ਪਾਉਂਦੀ
ਵੇਖ ਨਾ ਸਕਦੀ
ਰੌਸ਼ਨੀ ਦੀ ਲਕੀਰ,
ਸੁਰਤੀ ਦਾ ਪੈਗਾਮ
ਮਿਲਣ 'ਤੇ
ਮੁਕਤੀ ਦੇ ਰਾਹ ਤੁਰਦਿਆਂ
ਠੰਡੇ ਹਨੇਰੇ ਵਿਚ
ਮਨ ਛਟਪਟਾਉਂਦਾ
ਸੋਚਾਂ ਦਾ ਰੇਸ਼ਮ ਮਰਦਾ
ਹਰ ਪਲ ਸੂਲੀ ਚੜ੍ਹਦਾ

-ਦਸੰਬਰ-2011

# ਆਦਿ-ਕਥਾ

ਤੇਰੇ ਨਾਲ
ਜੰਗਲ ਵਿਚ ਜਾਂਦੀ
ਕੰਦ ਮੂਲ ਖਾਂਦੀ
ਹਰਿਆਲੀ ਮਾਣਦੀ
ਹਰਿਆਲੀ ਜਿਉਂਦੀ
ਖ਼ੁਸ਼ਹਾਲ ਰਹਿੰਦੀ।
ਤੇਰੇ ਬੱਚਿਆਂ ਦੀ
ਜਦ ਮਾਂ ਬਣੀ
ਤੂੰ ਆਖਿਆ,
ਬੱਚਿਆਂ ਨੂੰ ਪਾਲ ਪੋਸ
ਉਹਨਾਂ ਨਾਲ ਰਹਿ ਕੇ
ਦਿਨ ਰਾਤ ਹਰ ਵੇਲੇ
ਤੁਹਾਡੇ ਲਈ ਛੱਤ ਬਣਾਵਾਂਗਾ
ਕੰਦ ਮੂਲ ਫੁੱਲ ਫਲ ਲਿਆਵਾਂਗਾ
ਸੁਰੱਖਿਆ ਦੇਵਾਂਗਾ
ਨਹੀਂ ਸਾਂ ਜਾਣਦੀ
ਹੌਲੀ ਹੌਲੀ ਇਸਤਰ੍ਹਾਂ
ਚਾਰ ਦੀਵਾਰਾਂ ਵਿਚ
ਕੈਦ ਕਰਕੇ
ਤੂੰ ਮੇਰੇ ਕੋਲੋਂ
ਮੇਰੀ ਆਜ਼ਾਦੀ ਖੋਹ ਲਵੇਂਗਾ।

–ਮਈ 2008

# ਨਰਤਕੀ

ਤੂੰ ਸੰਸਕ੍ਰਿਤੀ ਦੇ ਪੈਰਾਂ ਵਿਚ
ਝਾਂਜਰਾਂ ਪਾ ਕੇ
ਉਹਨਾਂ ਦੇ ਬੋਰ ਗਿਣਦਾ ਰਿਹਾ
ਮੈਂ ਉਡੀਕਦੀ ਰਹੀ
ਜ਼ਿੰਦਗੀ ਦਾ ਛਣ ਛਣ ਛਣਕਦਾ
ਸੰਗੀਤ ਸੁਣਨ ਵਾਸਤੇ
ਅੱਡੀ ਦੀ ਜੁੰਬਸ਼
ਪੈਰਾਂ ਦੀ ਆਹਟ
ਵਕਤ ਦੀ ਸਿੰਫਨੀ ਵਿਚ
ਤੇਰੇ ਸਾਹਾਂ ਦੀ ਲਰਜ਼ਸ਼
ਪੌਣ ਦੇ ਕੰਧਾੜੇ ਚੜ੍ਹਕੇ
ਤਿਤਲੀਆਂ ਦੇ ਰੰਗ ਵਿਚ ਰੰਗੀ
ਪਹੁੰਚੇਗੀ ਕਦੀ
ਮੁਹੱਬਤ ਦੇ ਰੰਗ ਮਹਿਲ,
ਉਡੀਕ ਅੱਖਾਂ ਤੇ ਹੱਥ ਧਰ
ਰਾਹ ਵੇਖਦੀ ਰਹੀ
ਕੰਨ ਪ੍ਰੇਮ ਗੀਤ ਸੁਣਨ ਲਈ
ਤਰਸਦੇ ਰਹੇ
ਹੋਂਠ ਚੁੰਮਣ ਲਈ ਬੇਤਾਬ
ਲਰਜ਼ਦੇ ਰਹੇ
ਰੰਗ ਮਹਿਲ ਵਿਚ ਨਰਕਤੀ
ਬਿਰਹਾ ਦੀ ਤਾਲ ’ਤੇ ਨੱਚਦੀ
ਗਾਉਂਦੀ ਰਹੀ......।

–ਨਵੰਬਰ 2003

# ਡਾ. ਅਮਰ ਜਿਉਤੀ-ਸੰਖੇਪ ਬਾਇਓਡਾਟਾ

**ਵਿਦਿਅਕ ਯੋਗਤਾ:**

- ਪੀ.ਐੱਚ.ਡੀ.–ਸੂਰੀਨਾਮੀ ਕਵਿਤਾ ਵਿਚ ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ
- ਮਾਸਟਰ ਔਫ ਲਿਟਰੇਚਰ, ਪੰਜਾਬੀ
- ਡਿਪਲੋਮਾ, ਡੱਚ ਭਾਸ਼ਾ

**ਸੰਪਾਦਨ/ਮੀਡੀਆ**

- ਪ੍ਰੋਡਿਊਸਰ, ਰੇਡੀਓ ਇੰਡੀਅਨ ਟਾਈਮ, ਅਮਸਟਰਡਮ (ਨੀਦਰਲੈਂਡਜ਼)
- ਪ੍ਰੀਜ਼ੈਂਟਰ, ਰੇਡੀਓ ਵੌਇਸ ਔਫ ਏਸ਼ੀਆ, ਅਮਸਟਰਡਮ (ਨੀਦਰਲੈਂਡਜ਼)

**ਸੰਪਾਦਕ**

- ਅੰਬਰ, ਅੰਗਰੇਜ਼ੀ ਵਿਚ ਡੱਚ–ਪੰਜਾਬੀ ਸਾਹਿਤ ਉਤੇ ਅਧਾਰਤ ਮੈਗਜ਼ੀਨ
- ਪੰਖੜੀਆਂ, ਚੰਡੀਗੜ੍ਹ–ਭਾਰਤ ਸੱਤ ਸਾਲ ਸੰਪਾਦਨ ਕਾਲ

**ਮੈਂਬਰਸ਼ਿਪ**

- ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ਜੀਵਨ ਮੈਂਬਰ
- ਇੰਡੀਅਨ ਲਿਟਰੇਚਰ ਐਂਡ ਕਲਚਰਲ ਸੋਸਾਇਟੀ, ਅਮਸਟਰਡਮ, ਪ੍ਰਧਾਨ
- ਫੌਰਨ ਪ੍ਰੈੱਸ ਐਸੋਈਸ਼ੇਨ, ਨੀਦਰਲੈਂਡਜ਼, ਮੈਂਬਰ
- ਫਾਊਂਡੇਸ਼ਨ ਫਾਰ ਕ੍ਰਿਟੀਕਲ ਚੌਇਸਿਸ ਫਾਰ ਇੰਡੀਆ, ਨੀਦਰਲੈਂਡਜ਼ ਮੈਂਬਰ ਤੇ ਪ੍ਰੈੱਸ ਸੈਕਟਰੀ
- ਵਰਲਡ ਰਾਈਟਰਜ਼ ਸੋਸਾਇਟੀ, ਅਮਸਟਰਡਮ
- ਆਰਟ ਐਂਡ ਲਿਟਰੇਚਰ ਸੋਸਾਇਟੀ, ਰਾਊਖੋਰਦ (ਨੀਦਰਲੈਂਡਜ਼)
- ਸੂਰੀਨਾਮ ਲਿਟਰੇਰੀ ਸੋਸਾਇਟੀ, ਅਮਸਟਰਡਮ ਮੈਂਬਰ
- ਪ੍ਰਿਜ਼ਮ ਇੰਟਰਨੈਸ਼ਨਲ ਲਿਟਰੇਚਰ ਅਤੇ ਆਰਟ ਫਾਊਂਡੇਸ਼ਨ, ਯੂ.ਕੇ. ਮੈਂਬਰ

**ਛਪ ਚੁੱਕੀਆਂ ਪੁਸਤਕਾਂ**

- ਮਾਰੂਥਲ ਵਿਚ ਤੁਰਦੇ ਪੈਰ 1985 ਕਾਵਿ–ਸੰਗ੍ਰਹਿ
- ਮੈਨੂੰ ਸੀਤਾ ਨਾ ਕਹੋ 1988 ਕਾਵਿ–ਸੰਗ੍ਰਹਿ
- ਦਰੋਪਦੀ ਤੋਂ ਦੁਰਗਾ 1990 ਕਾਵਿ–ਸੰਗ੍ਰਹਿ
- ਖ਼ਾਮੋਸ਼ੀ ਦੀ ਆਵਾਜ਼ 1998 ਕਾਵਿ–ਸੰਗ੍ਰਹਿ
- ਹਾਲੈਂਡ ਦੇ ਹਾਸ਼ੀਏ 1998 ਵਾਰਤਕ
- ਯੋਰਪੀਅਨ ਪੰਜਾਬੀ ਸਾਹਿਤ 2000 ਸੰਪਾਦਤ
- ਸੋਚਾਂ ਦੇ ਨਿਸ਼ਾਨ 2004 (ਸੰਨ 1998 ਤੱਕ ਛਪੀ ਕਵਿਤਾ)
- ਸੂਫੀ ਰੋਮਾਂਸ 2004 ਸੂਫ਼ੀ ਇਸ਼ਕ ਬਾਰੇ ਲੰਬੀ ਨਜ਼ਮ/ਨਜ਼ਮਾਂ
- ਅੰਬਰ (ਡੱਚ–ਪੰਜਾਬੀ ਸਾਹਿਤ) 2004 ਸੰਪਾਦਤ
- *Forbidden Fruit* *2007 Poetry in English*
- ਘਰ ਦਾ ਭੇਤੀ ਲੰਕਾ ਢਾਇ 2010 ਬਾਲ ਸਾਹਿਤ
- ਆਸਤੀਨ ਦਾ ਸੱਪ 2010 ਬਾਲ ਸਾਹਿਤ
- ਸੂਰੀਨਾਮੀ ਕਵਿਤਾ : ਕੌਮੀਅਤ, ਸ਼ਨਾਖ਼ਤ ਅਤੇ ਡਾਇਸਪੋਰਾ 2013 ਖੋਜ ਪ੍ਰਬੰਧ
- Nation, Identity and Diaspora in Surinamese Poetry 2013 English

**ਪੁਰਸਕਾਰ ਅਤੇ ਸਨਮਾਨ:**

- ਸ਼੍ਰੋਮਣੀ ਪੰਜਾਬੀ ਸਾਹਿਤਕਾਰ, ਭਾਸ਼ਾ ਵਿਭਾਗ, ਪੰਜਾਬ (ਭਾਰਤ)
- ਪ੍ਰੋਇਟਰੀ ਐਵਾਰਡ, ਅਮਸਟਰਡਮ (ਨੀਦਰਲੈਂਡਜ਼)
- ਵਾਰਿਸ ਸ਼ਾਹ ਪੁਰਸਕਾਰ, ਪੰਜਾਬੀ ਸੱਥ ਲਾਂਬੜਾ/ ਯੂ.ਕੇ.
- ਇਆਪਾ ਐਵਾਰਡ, ਕੈਨੇਡਾ
- ਪੰਜਾਬੀ ਸਭਿਆਚਾਰ ਕੇਂਦਰ ਦੇਸੀ ਰੇਡੀਓ ਸਨਮਾਨ, ਯੂ.ਕੇ.
- ਬੀਕਾਸ ਐਵਾਰਡ, ਯੂ.ਕੇ.
- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ
- ਭੁਲੇਖਾ, ਲਾਹੌਰ (ਪਾਕਿਸਤਾਨ)
- ਪੰਜਾਬ, ਯੂ.ਕੇ. ਅਤੇ ਹਾਲੈਂਡ ਦੀਆਂ ਕਈ ਸਾਹਿਤਕ ਤੇ ਕਲਾ ਸਭਾਵਾਂ ਵਲੋਂ ਸਨਮਾਨਤ।
- ਅਖਿਲ ਭਾਰਤੀ ਸਾਹਿਤ ਪ੍ਰੀਸ਼ਦ ਸਨਮਾਨ, ਕਲਾਕਾਰ ਲੇਖਕ ਮੰਡਲ ਕਰਨਾਲ/ ਟੋਰਾਂਟੋ
- ਡਾ. ਅਮਰ ਜਿਉਤੀ ਸੰਨ 1982 ਵਿਚ ਚੰਡੀਗੜ੍ਹ (ਭਾਰਤ) ਤੋਂ ਨੀਦਰਲੈਂਡਜ਼ ਪਰਵਾਸ ਕਰ ਗਈ, ਜਿੱਥੇ ਉਸਨੇ ਨੀਦਰਲੈਂਡਜ਼ ਦੀ ਰਾਜਧਾਨੀ ਅਮਸਟਰਡਮ ਨੂੰ ਸੰਨ 2008 ਤਕ ਆਪਣਾ ਰਹਿਣ ਬਸੇਰਾ ਬਣਾਇਆ। ਇਸ ਤੋਂ ਪਿੱਛੋਂ ਇੰਗਲੈਂਡ ਵਿਚ ਚਲੀ ਗਈ, ਜਿਥੇ ਉਹ ਹੁਣ ਤਕ ਰਹਿ ਰਹੀ ਹੈ।
- ਡੱਚ ਲੇਖਕਾਂ ਤੋਂ ਬਿਨਾਂ ਨੀਦਰਲੈਂਡਜ਼ ਵਿਚ ਰਹਿੰਦੇ ਲਗ ਭਗ ਤੀਹ ਭਾਸ਼ਾਵਾਂ ਦੇ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਦੇ ਸੰਪਰਕ ਵਿਚ ਰਹੀ, ਜਿਸ ਨਾਲ ਉਸਨੂੰ ਦੁਨੀਆਂ ਦੇ ਵਖ ਵਖ ਸਭਿਆਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ ਅਤੇ ਉਸਦੀ ਸੋਚ ਦਾ ਦਾਇਰਾ ਵਸੀਹ ਹੋਇਆ।
- ਭਾਰਤ, ਨੀਦਰਲੈਂਡਜ਼, ਇੰਗਲੈਂਡ ਤੋਂ ਪ੍ਰਸਾਰਤ ਹੋਣ ਵਾਲੇ ਟੀ.ਵੀ., ਰੇਡੀਉ ਪ੍ਰੋਗਰਾਮਾਂ/ ਬਹਿਸਾਂ/ਮੁਲਾਕਾਤਾਂ ਵਿਚ ਸਮੇਂ ਸਮੇਂ ਸ਼ਾਮਲ ਹੁੰਦੀ ਰਹੀ।
- ਨੀਦਰਲੈਂਡਜ਼ ਦੀ ਮਹਾਂਰਾਣੀ ਹਰ ਹਾਈਨੈੱਸ ਕੁਈਨ ਬੇਤ੍ਰਿਕਸ, ਕਰਾਊਨ ਪ੍ਰਿੰਸ ਹਿੱਜ਼ ਹਾਈਨੈੱਸ ਵਿਲੀਅਮ ਅਲੈਗਜ਼ੈਂਡਰ (ਹੁਣ ਕਿੰਗ) ਤੋਂ ਬਿਨਾਂ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਨਾਮਵਰ ਸ਼ਖ਼ਸੀਅਤਾਂ ਸਰਵ ਸ੍ਰੀ ਨੈਲਸਨ ਮੰਡੇਲਾ, ਯਾਸਰ ਅਰਾਫਾਤ, ਭਾਰਤੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਵੀ. ਕੇ. ਨਰਾਇਣਨ, ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਨੀਦਰਲੈਂਡਜ਼ ਦੇ ਪ੍ਰਧਾਨ ਮੰਤਰੀ ਡਰੀਜ਼ ਫਨ ਅਖ਼ਤ, ਰੂਡ ਲੁਬਰਜ਼, ਵਿਮ ਕੁੱਕ, ਜਨ ਪੀਟਰ ਬਲਕਨਡਿ ਅਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੂੰ ਸਮੇਂ ਸਮੇਂ ਮਿਲਣ ਦਾ ਅਵਸਰ ਪ੍ਰਾਪਤ ਹੋਇਆ।
- ਡਾ. ਅਮਰ ਜਿਉਤੀ ਦੀਆਂ ਰਚਨਾਵਾਂ ਡੱਚ ਅੰਗਰੇਜ਼ੀ ਅਤੇ ਕਈ ਹੋਰ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਛਪ ਚੁੱਕੀਆਂ ਹਨ।
- ਪੁਸਤਕਾਂ ਉਤੇ ਵਖ ਵਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਲੋਂ ਖੋਜ- ਕਾਰਜ ਹੋ ਚੁੱਕੇ ਹਨ, ਹੋ ਰਹੇ ਹਨ।
- ਭਾਸ਼ਾ, ਸਭਿਆਚਾਰ, ਸਾਹਿਤ ਦੇ ਵਿਕਾਸ ਲਈ ਅੰਤਰਾਸ਼ਟਰੀ ਕਾਨਫੰਰਸਾਂ, ਸੈਮੀਨਾਰਾਂ ਵਿਚ (ਆਯੋਜਿਤ) ਅਮਰੀਕਾ, ਕੈਨੇਡਾ, ਭਾਰਤ, ਪਾਕਿਸਤਾਨ, ਨੀਦਰਲੈਂਡਜ਼ ਵਿਚ ਹਿੱਸਾ ਲੈ ਚੁਕੀ ਹੈ। ਇਸਤੋਂ ਬਿਨਾਂ ਐਮਨੈਸਟੀ ਇੰਟਰਨੈਸ਼ਨਲ ਸੈਮੀਨਾਰ, ਪੀਸ ਕਾਨਫੰਰਸ, ਯੂਰੋ ਸਮਿਟ, ਚਾਈਲਡ ਲੇਬਰ ਕਾਨਫੰਰਸ, ਨੀਦਰਲੈਂਡਜ਼, ਬੈਲਜੀਅਮ ਫਰਾਂਸ ਵਿੱਚ ਡੈਲੀਗੇਟਸ ਵਜੋਂ ਸ਼ਾਮਲ ਹੋਈ ਹੈ।

******

ਅਮਸਟਰਡਮ ਵਿਚ
ਕਾਮਦੇਵ ਦਾ ਰਾਜ
ਭੋਗ ਵਿਲਾਸ ਵਿਚ
ਰੁੱਝੇ ਪ੍ਰਾਣੀ
ਸੁੰਦਰ ਲਗਦੇ
ਚਿਤਰ ਸਰੂਪ
ਬੁੱਤ-ਤਰਾਸ਼ੀ ਦੇ
ਕਿੰਨੇ ਰੂਪ
ਸੈਕਸ ਮਿਊਜ਼ੀਅਮ ਵਿਚ....

•

ਸੁਪਨੇ ਕੰਨ ਵਿਚ ਸਰਗੋਸ਼ੀ ਕੀਤੀ
ਉਂਗਲੀ ਲਾਇਆ
ਜਹਾਜ਼ ਵਿਚ ਬਿਠਾਇਆ
ਬਾਦਬਾਨ ਖੋਲ੍ਹੇ
ਸਾਗਰ ਵਿਚ ਠਿਲ੍ਹਿਆ
ਜਦ ਜਾਗਿਆ
ਉਹ ਮਾਰਕੋਪੋਲੋ ਸੀ ....

•

ਔਰਤਾਂ ਤਾਂ ਮਰ ਗਈਆਂ
ਚਿਰਕੋਣੀਆਂ
ਜ਼ਲੀਲ ਹੁੰਦੀਆਂ ਵਾਰ ਵਾਰ
ਰੇਪ ਕੇਂਦਰਾਂ ਵਿਚ..
ਇਹ ਫਿਦਾਈਨ ਔਰਤਾਂ
ਆਤੰਕਵਾਦ ਦੀ ਸੂਲੀ 'ਤੇ
ਰੋਜ਼ ਚੜ੍ਹ ਰਹੀਆਂ ....



ਮੈਨੂੰ ਮੇਰੇ ਘਰ ਦਾ ਪਤਾ ਦਸੋ
ਸੁੱਚੇ ਹੋਠਾਂ ਦਾ
ਸੱਚੇ ਦਿਲ ਦਾ
ਮਾਸੂਮ ਮਨੁੱਖ ਦਾ ....

Forever Learning
ISBN 978-93-5204-127-5
9 789352 041275
www. unistarbooks.com
₹ 195/-
£ 5 UK